# ਅਹਿਸਾਸ ਆਪਣਾ ਆਪਣਾ

# ਅਹਿਸਾਸ ਆਪਣਾ ਆਪਣਾ

(ਕਾਵਿ ਸੰਗ੍ਰਹਿ)

**ਸੰਪਾਦਕ**

ਹਰਕੋਮਲ ਬਰਿਆਰ (ਪ੍ਰਧਾਨ)
ਹਰਬੰਸ ਸਿੰਘ ਅਖਾੜਾ (ਜਰਨਲ ਸਕੱਤਰ)

**ਸੰਪਾਦਕੀ ਬੋਰਡ**

ਅਵਤਾਰ ਜਗਰਾਉਂ, ਪੂਰਨ ਕਾਉਂਕੇ, ਬਲਵੰਤ ਸਿੰਘ ਮੁਸਾਫ਼ਿਰ,
ਅਜੀਤ ਪਿਆਸਾ, ਗੁਰਜੀਤ ਸਹੋਤਾ, ਪ੍ਰਭਜੋਤ ਸੋਹੀ, ਜਗਜੀਤ ਜੀਤ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry/Collection*

ISBN : 978-93-5068-163-3
Price : 150/-

**Ahsaas Apna Apna**

*Edited by*

**Harkomal Singh Bariaar** (President)
**Harbans Singh Akhara** (Genrel Secretary)
Sahit Sabha, Jagroan

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਸੁਹਿਰਦ ਪਾਠਕਾਂ ਦੇ ਨਾਂ

# ਤਤਕਰਾ


| | | |
|---|---|---|
| ➣ | ਸਾਹਿਤ ਸਭਾ ਦਾ ਸੰਖੇਪ ਇਤਿਹਾਸ | 9-10 |
| ➣ | ਪ੍ਰਿੰ. ਤਖ਼ਤ ਸਿੰਘ | 11-14 |
| ➣ | ਸ਼ਾਕਿਰ ਪੁਰਸ਼ਾਰਥੀ | 15-18 |
| ➣ | ਹਰਭਜਨ ਸਿੰਘ 'ਤੀਰ' | 19-22 |
| ➣ | ਕੇਸਰ ਸਿੰਘ 'ਨੀਰ' | 23-26 |
| ➣ | ਈਸ਼ਰ ਸਿੰਘ ਮੌਜੀ | 27-30 |
| ➣ | ਦਰਸ਼ਨ ਸਿੰਘ ਓਬਰਾਏ | 31-34 |
| ➣ | ਹਰਚੰਦ ਸਿੰਘ ਗਿੱਲ | 35-38 |
| ➣ | ਪਰਵਾਨਾ ਪੁੜੈਣ | 39-43 |
| ➣ | ਬਲਵੰਤ ਸਿੰਘ ਮੁਸਾਫ਼ਿਰ | 44-48 |
| ➣ | ਹਰਬੰਸ ਸਿੰਘ 'ਅਖਾੜਾ' | 49-53 |
| ➣ | ਅਵਤਾਰ ਜਗਰਾਉਂ | 54-58 |
| ➣ | ਸੁਰਜੀਤ ਸਿੰਘ ਕਾਉਂਕੇ | 59-64 |
| ➣ | ਹਰਕੋਮਲ ਬਰਿਆਰ | 65-68 |
| ➣ | ਗੁਰਦੇਵ ਸਿੰਘ 'ਹੰਸਰਾ' | 69-72 |
| ➣ | ਅਜੀਤ ਪਿਆਸਾ | 73-76 |
| ➣ | ਰਵਿੰਦਰ ਅਨਾੜੀ | 77-79 |
| ➣ | ਗੁਰਚਰਨ ਸਿੰਘ ਹੇਹਰ | 80-84 |
| ➣ | ਡਾ. ਸੁਖਦੇਵ ਸਿੰਘ ਰੂਮੀ | 85-88 |

➢ ਪੂਰਨ ਕਾਉਂਕੇ) 89-93
➢ ਗੁਰਜੀਤ ਸਹੋਤਾ 94-97
➢ ਜਗਜੀਤ ਜੀਤ 98-101
➢ ਰਾਜਦੀਪ ਸਿੰਘ ਤੂਰ 102-105
➢ ਪ੍ਰਭਜੋਤ ਸੋਹੀ 106-109
➢ ਰਣਜੀਤ ਹਠੂਰ 110-114
➢ ਪ੍ਰਤਾਪ ਸਿੰਘ) 115-118

# ਸਾਹਿਤ ਸਭਾ ਜਗਰਾਉਂ (ਰਜਿ:) ਲੁਧਿਆਣਾ ਪੰਜਾਬ ਦਾ ਸੰਖੇਪ ਇਤਿਹਾਸ

ਸਾਹਿਤ ਸਭਾ ਜਗਰਾਉਂ 1953-54 ਤੋਂ ਬਲਵੰਤ ਸਚਦੇਵਾ, ਪਿਆਰਾ ਸਿੰਘ ਲਾਇਲਪੁਰੀ, ਵਿਜੋਗ ਜਗਰਾਨਵੀ, ਰੱਖਾ ਰਾਮ ਕਿਰਨ, ਕੇਸਰ ਸਿੰਘ ਨੀਰ, ਸ਼ਾਕਿਰ ਪੁਰਸ਼ਾਰਥੀ, ਪੂਰਨ ਪਰਦੇਸੀ, ਭਾਗ ਸਿੰਘ ਭੰਮੀਂਪੁਰੀ, ਵਰਿਆਮ ਸਿੰਘ ਚੰਦੜ, ਰਤਨ ਸਿੰਘ ਪ੍ਰਦੇਸੀ, ਅਮਰੀਕ ਸਿੰਘ ਦੀਵਾਨਾ, ਈਸ਼ਰ ਸਿੰਘ ਜ਼ਖ਼ਮੀ ਹੋਰਾਂ ਦੇ ਸਹਿਯੋਗ ਅਤੇ ਉੱਦਮ ਸਦਕਾ ਹੋਂਦ ਵਿਚ ਆਈ।

ਇਨ੍ਹਾਂ ਤੋਂ ਬਾਅਦ ਸਭਾ ਵਿਚ ਸ: ਜਸਵੰਤ ਸਿੰਘ ਕੰਵਲ, ਹਰਭਜਨ ਹਲਵਾਰਵੀ, ਡਾ. ਰਘਵੀਰ ਸਿੰਘ ਸਿਰਜਣਾ, ਸ਼ਿਵਚਰਨ ਗਿੱਲ, ਗੁਰਬਖਸ਼ ਬਹਾਲਵੀ, ਬਖਤਾਵਰ ਸਿੰਘ ਦਿਉਲ, ਪ੍ਰਿੰ: ਤਖ਼ਤ ਸਿੰਘ, ਗੁਰਦਰਸ਼ਨ ਬਾਦਲ, ਮਹਿੰਦਰਦੀਪ ਗਰੇਵਾਲ, ਦੀਦਾਰ ਸਿੰਘ ਆਕਾਸ਼, ਦਰਸ਼ਨ ਸਿੰਘ ਉਬਰਾਏ, ਕੁਲਵੰਤ ਜਗਰਾਉਂ, ਸੁਰੋਦ ਸੁਦੀਪ, ਸੁਰਜੀਤ ਸਿੰਘ ਪੰਛੀ, ਦੇਵ, ਜੀਤਾ ਸਿੰਘ ਸੋਚ, ਤਾਰਾ ਸਿੰਘ ਆਲਮ ਵੀ ਆਪਣੀ ਹਾਜ਼ਰੀ ਲਗਵਾਉਣ ਲੱਗ ਪਏ।

ਸਾਹਿਤ ਸਭਾ ਦੇ ਪ੍ਰਧਾਨ:-

ਬਲਵੰਤ ਸਚਦੇਵਾ, ਨਿਰੰਜਣ ਸਿੰਘ ਨਿਰਬਲ, ਕੇਸਰ ਸਿੰਘ ਨੀਰ, ਸ਼ਾਕਿਰ ਪੁਰਸ਼ਾਰਥੀ, ਬਖਤਾਵਰ ਸਿੰਘ ਦਿਉਲ, ਪ੍ਰਿੰ: ਤਖ਼ਤ ਸਿੰਘ, ਮਹਿੰਦਰਦੀਪ ਗਰੇਵਾਲ, ਭੁਪਿੰਦਰ, ਹਰਕੋਮਲ ਬਰਿਆਰ 1995 ਤੋਂ ਹੁਣ ਤੱਕ।

ਸਾਹਿਤ ਸਭਾ ਦੇ ਜਨਰਲ ਸਕੱਤਰ:-

ਵਿਜੋਗ ਜਗਰਾਨਵੀਂ, ਕੇਸਰ ਸਿੰਘ ਨੀਰ, ਮਹਿੰਦਰਦੀਪ ਗਰੇਵਾਲ, ਭੁਪਿੰਦਰ, ਹਰਕੋਮਲ ਬਰਿਆਰ, ਮਿੱਤਰ ਸੈਨ ਮੀਤ, ਅਜੀਤ ਪਿਆਸਾ ਅਤੇ 22 ਜਨਵਰੀ 2012 ਤੋਂ ਹਰਬੰਸ ਸਿੰਘ ਅਖਾੜਾ ਜਰਨਲ ਸਕੱਤਰ ਹਨ।

ਸਾਹਿਤ ਸਭਾ ਜਗਰਾਉਂ ਦੀ ਮਾਸਿਕ ਇਕੱਤਰਤਾ ਹਰ ਮਹੀਨੇ ਦੇ ਤੀਜੇ ਐਤਵਾਰ ਹੁੰਦੀ ਹੈ। ਜਿਸ ਵਿਚ ਰਚਨਾਵਾਂ 'ਤੇ ਉਸਾਰੂ ਬਹਿਸ ਅਤੇ ਪੰਜਾਬੀ ਸਾਹਿਤ ਲਈ ਸੰਜੀਦਾ ਮਸਲੇ ਵਿਚਾਰੇ ਜਾਂਦੇ ਹਨ।

ਸਾਲਾਨਾ ਸਮਾਗਮਾਂ ਵਿਚ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਜਿਵੇਂ ਆਸਿਫ਼ ਸ਼ਾਹਕਾਰ, ਸ.ਸ. ਮੀਸ਼ਾ, ਡਾ. ਤੇਜਵੰਤ ਮਾਨ, ਦੀਪਕ ਜੈਤੋਈ, ਗੁਰਸ਼ਰਨ ਸਿੰਘ (ਨਾਟਕਕਾਰ), ਰਾਮ ਸਰੂਪ ਅਣਖੀ, ਕਾਮਰੇਡ ਸੁਰਜੀਤ ਗਿੱਲ, ਅਮਰੀਕ ਸਿੰਘ ਅਮਨ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਰਵਿੰਦਰ ਰਵੀ, ਪ੍ਰਿੰ: ਤਖ਼ਤ ਸਿੰਘ, ਸ੍ਰੀ ਦਿਉਲ, ਕੇਸਰ ਸਿੰਘ ਨੀਰ ਆਦਿ।

ਸੰਨ 1996 ਤੋਂ ਸਾਹਿਤ ਸਭਾ ਜਗਰਾਉਂ ਨੇ ਪ੍ਰਿੰ: ਤਖ਼ਤ ਸਿੰਘ ਦੇ ਨਾਮ 'ਤੇ ਪੁਰਸਕਾਰ ਦੇਣਾ ਸ਼ੁਰੂ ਕੀਤਾ ਹੋਇਆ ਹੈ। ਇਸ ਪੁਰਸਕਾਰ ਵਿਚ ਲੋਈ, ਮੋਮੈਂਟੋ, 1100 ਰੁਪਏ ਨਕਦ ਅਤੇ ਸਨਮਾਨ ਪੱਤਰ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਸਾਲ 1998 ਤੋਂ ਸਾਹਿਤ ਸਭਾ ਨੇ ਸਵਰਗੀ ਸ਼ਾਕਿਰ ਪੁਰਸ਼ਾਰਥੀ ਗਲਪ ਪੁਰਸਕਾਰ ਦੇਣਾ ਵੀ ਸ਼ੁਰੂ ਕੀਤਾ ਹੋਇਆ ਹੈ। ਇਹ ਪੁਰਸਕਾਰ ਪਿੰਡ ਵਿਰਕ ਦੇ ਸ੍ਰੀ ਕਿਰਨ ਵਿਰਕ ਦੇ ਦਾਦਾ ਜੀ ਸਵ: ਲਾਭ ਸਿੰਘ ਵਿਰਕ ਦੀ ਯਾਦ ਵਿਚ ਦਿਤਾ ਜਾਣ ਲੱਗਾ ਹੈ।

ਸਾਲ 2009 ਤੋਂ ਕੇਸਰ ਸਿੰਘ ਨੀਰ ਜੀ ਦੇ ਸਹਿਯੋਗ ਸਦਕਾ ਇਹ ਦੋਵੇਂ ਪੁਰਸਕਾਰ 2100/- (ਇੱਕੀ ਇੱਕੀ ਸੌ ਰੁਪਏ) ਦੇ ਕਰ ਦਿਤੇ ਹਨ।

## ਸਾਹਿਤ ਸਭਾ ਜਿਨ੍ਹਾਂ ਦਾ ਸਨਮਾਨ ਕਰ ਚੁੱਕੀ ਹੈ:-

ਸਨਮਾਨਿਤ ਸਾਹਿਤਕਾਰਾਂ ਵਿਚ 1996 ਤੋਂ ਹੁਣ ਤੱਕ ਕ੍ਰਮਵਾਰ ਹਰਭਜਨ ਹਲਵਾਰਵੀ, ਸੁਰੋਦ ਸੁਦੀਪ, ਸੁਰਿੰਦਰ ਗਿੱਲ, ਸੁਖਮਿੰਦਰ ਰਾਮਪੁਰੀ, ਲਾਲ ਸਿੰਘ ਦਿਲ, ਬੀਬਾ ਬਲਬੰਤ, ਮਹਿੰਦਰਦੀਪ ਗਰੇਵਾਲ, ਕੁਲਵੰਤ ਜਗਰਾਉਂ, ਮਹਿੰਦਰ ਸਾਥੀ, ਡਾ. ਗੁਰਦੇਵ ਸਿੰਘ ਪੰਧੋਹਲ, ਗੁਰਦਿਆਲ ਰੌਸ਼ਨ, ਪ੍ਰੋ: ਹਰਦਿਆਲ ਸਾਗਰ, ਡਾ. ਰਵਿੰਦਰ ਮਸਰੂਰ, ਪ੍ਰੋ: ਸੁਰਜੀਤ ਜੱਜ, ਡਾ. ਐਸ. ਤਰਸੇਮ, ਦਰਸ਼ਨ ਸਿੰਘ ਦਰਸ਼ਨ, ਕਵਿੰਦਰ ਚਾਂਦ ਅਤੇ ਰਾਜਿੰਦਰ ਪ੍ਰਦੇਸੀ ਨੂੰ ਸਨਮਾਨ ਦਿਤਾ ਗਿਆ ਹੈ।

ਇਸੇ ਤਰ੍ਹਾਂ 1998 ਤੋਂ ਗਲਪ ਪੁਰਸਕਾਰ ਕ੍ਰਮਵਾਰ ਬਲਦੇਵ ਸਿੰਘ ਸੜਕਨਾਮਾ, ਡਾ. ਗੁਲਜ਼ਾਰ ਮੁਹੰਮਦ ਗੌਰੀਆ, ਕਮਰਜੀਤ ਕੁੱਸਾ, ਦਲਵੀਰ ਚੇਤਨ, ਗੁਰਮੀਤ ਕੜਿਆਲਵੀ, ਰਣਜੀਤ ਰਾਹੀ, ਮਿੱਤਰ ਸੈਨ ਮੀਤ, ਜਸਵੀਰ ਰਾਣਾ, ਗੁਰਦਿਆਲ ਦਲਾਲ, ਜਤਿੰਦਰ ਹਾਂਸ, ਸ੍ਰੀ ਮਤੀ ਵਿਸ਼ਵ ਜਯੋਤੀ ਧੀਰ, ਸ੍ਰੀ ਮਤੀ ਇੰਦਰਜੀਤ ਪਾਲ ਕੌਰ ਅਤੇ ਕੁਲਵੰਤ ਗਿੱਲ ਨੂੰ ਦਿਤੇ ਗਏ ਹਨ।

2011 ਵਿਚ ਸਵ: ਰੁਪਿੰਦਰ ਮਾਨ ਦੀ ਯਾਦ ਵਿਚ ਪਹਿਲਾ ਨਾਵਲ ਪੁਰਸਕਾਰ ਸ. ਜਸਵੰਤ ਸਿੰਘ ਕੰਵਲ ਨੂੰ ਦਿੱਤਾ ਗਿਆ।

ਸਾਹਿਤ ਸਭਾ ਜਗਰਾਉਂ ਵੱਲੋਂ ਹੁਣ ਤੱਕ ਦੇ ਆਪਣੇ ਸਾਹਿਤਕ ਸਫ਼ਰ ਵਿਚ ਸਾਂਝੇ ਦੋ ਕਾਵਿ ਸੰਗ੍ਰਹਿ:- 'ਤੇ ਕਾਫ਼ਲਾ ਤੁਰਦਾ ਰਿਹਾ' ਅਤੇ 'ਜੰਗਲ ਬੋਲਦਾ ਹੈ' ਪ੍ਰਕਾਸ਼ਿਤ ਹੋ ਚੁੱਕੇ ਹਨ। ਸਾਹਿਤ ਸਭਾ ਹੁਣ ਆਪਣੇ ਸਾਹਿਤਕਾਰ ਮੈਂਬਰਾਂ ਦੇ ਪੂਰਨ ਸਹਿਯੋਗ ਸਦਕਾ ਤੀਸਰਾ ਕਾਵਿ ਸੰਗ੍ਰਹਿ 'ਅਹਿਸਾਸ ਆਪਣਾ ਆਪਣਾ' ਪਾਠਕਾਂ ਦੇ ਰੂ-ਬਰੂ ਕਰ ਰਹੀ ਹੈ। ਸਭਾ ਨੂੰ ਪੂਰਨ ਆਸ ਹੈ ਕਿ ਪਾਠਕ ਇਸ ਸਾਂਝੇ ਉੱਦਮ ਲਈ ਭਰਪੂਰ ਹੁੰਗਾਰਾ ਭਰਨਗੇ ਅਤੇ ਆਪਣੀਆਂ ਵਡਮੁੱਲੀਆਂ ਰਾਵਾਂ ਭੇਜ ਕੇ ਧੰਨਵਾਦੀ ਬਣਾਉਣਗੇ।

**ਸੰਪਾਦਕੀ ਬੋਰਡ**



## ਗ਼ਜ਼ਲਾਂ

(ਪ੍ਰਿੰ. ਤਖ਼ਤ ਸਿੰਘ)

ਇਵੇਂ ਖਿੰਡਾਂਗਾ, ਜੇ ਝੱਖੜ ਦਾ ਰੂਪ ਧਾਰੋਗੇ।
ਵਿਸ਼ਾਲ ਹੋਰ ਵੀ ਹੋਵਾਂਗਾ, ਜੇ ਖਿਲਾਰੋਗੇ।

ਪਤਾ ਸੀ ਮੈਨੂੰ ਜਦੋਂ ਲਿਸ਼ਕਿਆ ਸਾਂ ਸ਼ੀਸ਼ੇ ਵਾਂਗ,
ਤੁਸੀਂ ਖਿਝੋਗੇ ਤਾਂ ਪੱਥਰ ਜ਼ਰੂਰ ਮਾਰੋਗੇ।

ਪਤਾ ਨਹੀਂ ਕਦੋਂ ਧੁੱਪਾਂ ਨੂੰ ਮੋੜਨੇ ਪੈ ਜਾਣ,
ਕਿਸੇ ਵੀ ਬਿਰਛ ਦੇ ਸਾਹਵੇਂ ਜੋ ਪਲ ਗੁਜ਼ਾਰੋਗੇ।

ਅਸਾਡਾ ਰੂਪ ਹੋ, ਜਾਊ ਤੁਹਾਨੂੰ ਵਰ ਦਿੱਤਾ,
ਖਲਾ 'ਚ ਮਹਿਲ, ਹਵਾ ਵਿਚ ਕਿਲੇ ਉਸਾਰੋਗੇ।

ਤੁਸੀਂ ਖ਼ੁਦਾ ਸਹੀ ਪਰ ਸਹੁੰ ਤੁਹਾਡੀ ਸੂਲੀ ਦੀ,
ਮੈਂ ਬੁੱਤ ਬਣਾਂਗਾ, ਤੁਸੀਂ ਆਰਤੀ ਉਤਾਰੋਗੇ।

ਜਦੋਂ ਮੈਂ ਬਲਦਿਆਂ ਖੰਭਾਂ ਸਮੇਤ ਉਡਾਂਗਾ,
ਕਿਵੇਂ ਤਾਂ ਮੇਰੀ ਉਡਾਰੀ ਦਾ ਦੁੱਖ ਸਹਾਰੋਗੇ?

ਹਵਾ ਦੇ ਚੁਹਲ ਵੀ ਜੰਜ਼ਾਲ ਬਣਨਗੇ ਜੀ ਦਾ,
ਘੜੀ ਮੁੜੀ ਖਿੰਡੇ ਵਾਲਾਂ ਨੂੰ ਜਦ ਸੰਵਾਰੋਗੇ।

ਤੁਸੀਂ ਧਨੀ ਹੋ ਤਾਂ ਸਾਡੇ ਤਨਾਂ ਦੇ ਬੂਹੇ ਤੇ,
ਲਹੂ ਦੇ ਦਾਨ ਲਈ ਝੋਲੀਆਂ ਪਸਾਰੋਗੇ।

ਖਿੰਡੇ ਨ ਰੰਗ ਜੇ ਪੈਰਾਂ ਦੇ ਛਾਲਿਆਂ ਵਿਚਲੇ,
ਸਮੇਂ ਦੇ ਚਿਤ੍ਰ ਦਾ ਚਿਹਰਾ ਕਿਵੇਂ ਨਿਖਾਰੋਗੇ?

ਤੁਹਾਡੀ ਅਪਣੀਓਂ ਛਾਂ ਮਨ ਹੀ ਮਨ 'ਚ ਹੱਸੇਗੀ,
ਜੇ ਟਾਟਕੇ 'ਚ ਕਿਸੇ ਬਿਰਛ ਨੂੰ ਪੁਕਾਰੋਗੇ।

*

✪

ਡੱਕ ਲਵੋ ਭਾਵੇਂ ਕਿਸੇ ਪਿੰਜਰੇ 'ਚ ਪਾ ਕੇ ਮੈਨੂੰ।
ਸੋਚਾਂ ਲੈ ਜਾਣਗੀਆਂ ਫਿਰ ਵੀ ਉਡਾ ਕੇ ਮੈਨੂੰ।

ਜੇ ਬਲਦਾ ਸਾਂ ਤਾਂ ਚਾਨਣ ਸੀ ਦੁਮੇਲਾਂ ਤੀਕਰ,
ਕੀ ਲਿਆ ਤੇਜ਼ ਹਵਾਵਾਂ ਨੇ ਬੁਝਾ ਕੇ ਮੈਨੂੰ।

ਢਾਲ ਬਣਦੇ ਨ ਜੇ ਕੰਡੇ ਤਾਂ ਕਿਸੇ ਬੁੱਲੇ ਨੇ,
ਨਾਲ ਲੈ ਜਾਣਾ ਸੀ ਟਹਿਣੀ ਤੋਂ ਉਡਾ ਕੇ ਮੈਨੂੰ।

ਖ਼ਾਬ ਚੰਗਾ ਸੀ, ਚਲਾ ਮਾਰਿਆ ਭੁਏਂ ਜਿਸ ਨੂੰ,
ਦੋ ਕੁ ਪਲ ਅਰਸ਼ ਦੀ ਟੀਸੀ ਤੇ ਬਹਾ ਕੇ ਮੈਨੂੰ।

ਮੇਰੇ ਨਿੰਦਕ 'ਚ ਭਲਾ ਏਨੀ ਦਲੇਰੀ ਕਿੱਥੇ ?
ਜਿਸ ਬੁਲੰਦੀ ਤੇ ਹਾਂ, ਓਥੇ ਮਿਲੇ ਆ ਕੇ ਮੈਨੂੰ।

ਮੇਰੇ ਕਣ ਕਣ 'ਚ ਕਰੂੰਬਲ ਹੈ ਨਵੇਂ ਚਾਨਣ ਦੀ,
ਖ਼ੁਸ਼ ਨ ਹੋ, ਕਾਲਿਆਂ ਰਾਹਾਂ 'ਚ ਖਿੰਡਾ ਕੇ ਮੈਨੂੰ।

ਮੈਂ ਤਾਂ ਕੰਢੇ ਤੇ ਉਜਾਲੇ ਦੀ ਖਿੰਡੀ ਢੇਰੀ ਹਾਂ,
ਰੱਖ ਹਨੇਰੇ ਦੇ ਸਮੁੰਦਰ ਤੋਂ ਬਚਾ ਕੇ ਮੈਨੂੰ।

*

✪

ਚੰਨ ਪਿਆ ਸੋਚੇ ਕਿ ਤਾਰੇ ਕਰਨ ਕੀ ਆਪਸ 'ਚ ਗੱਲਾਂ।
ਇਸ ਟਹਿਕਦੀ ਰਾਤ ਬਾਰੇ ਕਰਨ ਕੀ ਆਪਸ 'ਚ ਗੱਲਾਂ।

ਭੌਰ ਲੱਖਣ ਲਾਉਣ ਲੁਕ ਲੁਕ ਕੇ ਸਲਾਹ ਕੀ ਕਰਨ ਕਲੀਆਂ?
ਮਹਿਲ ਇਉਂ ਸੋਚਣ ਕਿ ਢਾਰੇ ਕਰਨ ਕੀ ਆਪਸ 'ਚ ਗੱਲਾਂ।

ਝੀਲ ਵਿਚ ਰਾਤੀਂ ਬਿੜਕ ਲੈਂਦੇ ਫਿਰਨ ਬੁੱਲੇ ਰਿਵੀ ਦੇ,
ਇਹ ਕੰਵਲ ਸਾਰੇ ਦੇ ਸਾਰੇ ਕਰਨ ਕੀ ਆਪਸ 'ਚ ਗੱਲਾਂ।

ਕੀ ਪਤਾ ਨਰਗਸ ਦੇ ਫੁੱਲ, ਨੈਣਾਂ ਹੀ ਨੈਣਾਂ ਵਿਚ ਦੁਪਹਿਰੀਂ,
ਬਾਗ ਵਲ ਕਰ ਕਰ ਇਸ਼ਾਰੇ ਕਰਨ ਕੀ ਆਪਸ 'ਚ ਗੱਲਾਂ।

ਨਾਰੀਆਂ ਦੇ ਰਾਖਿਓ, ਜਤੀਓ, ਪਵਿੱਤਰ ਪੂਜਮਾਨੋ,
ਸੁਣ ਲਵੋ! ਠਾਕਰ ਦੁਆਰੇ ਕਰਨ ਕੀ ਆਪਸ 'ਚ ਗੱਲਾਂ।

ਬੇੜੀਆਂ ਨੇ ਲਾ ਲਏ ਅਨੁਮਾਨ ਮੰਝਧਾਰੋਂ ਉਰ੍ਹਾਂ ਹੀ,
ਪੰਖਣੂ ਬੈਠੇ ਕਿਨਾਰੇ ਕਰਨ ਕੀ ਆਪਸ 'ਚ ਗੱਲਾਂ।

ਕਿੰਜ ਪਈ ਤਾੜੇ ਮਜਾਜੋ ਦੀ ਨਜ਼ਰ ਗਹੁ ਨਾਲ ਦੂਰੋਂ,
ਰੂਪ ਤੇ ਮੋਹਿਤ ਨਜ਼ਾਰੇ ਕਰਨ ਕੀ ਆਪਸ 'ਚ ਗੱਲਾ।

*

✪

ਮਚਾ ਦੇ ਰੂਹ 'ਚ ਹਿਲ-ਜੁਲ ਜਾਂਦਾ ਜਾਂਦਾ।
ਵਫ਼ਾ ਦਾ ਤਾਰ ਜਾ ਮੁੱਲ ਜਾਂਦਾ ਜਾਂਦਾ।

ਅਸਾਂ ਦੀ ਝੋਲ ਸਖਣੀ ਮੁਸਕਰਾ ਕੇ,
ਅਸਾਂ ਦੀ ਝੋਲ ਪਾ ਫੁੱਲ ਜਾਂਦਾ ਜਾਂਦਾ।

ਕਲੀ ਦਿਲ ਦੀ ਬੜੀ ਨਾਜ਼ਕ ਹੈ, ਝੱਖੜਾ,
ਨਾ ਏਕਣ ਜ਼ੋਰ ਦੀ ਝੁੱਲ ਜਾਂਦਾ ਜਾਂਦਾ।

ਜਰਾ ਛੱਡ ਆ ਨੀ ਵਾਏ ਸ਼ਹੁ ਦੇ ਘਰ ਤੱਕ,
ਮਤੇ ਮੈਂ ਰਾਹ ਬਵ੍ਹਾਂ ਭੁੱਲ ਜਾਂਦਾ ਜਾਂਦਾ।

ਨਜ਼ਰ ਦੀ ਗੇਂਦ ਨੂੰ ਨਿਹੁੰ ਦਾ ਖਿਡਾਰੀ,
ਨਜ਼ਰ ਦਾ ਲਾ ਗਿਆ ਟੁੱਲ ਜਾਂਦਾ ਜਾਂਦਾ।

ਸਵੇਰੇ ਸਾਰ ਇਕ ਬੱਦਲ ਕਿਸੇ ਦੇ,
ਸੁਨੇੜ੍ਹੇ ਦੇ ਗਿਆ ਕੁੱਲ ਜਾਂਦਾ ਜਾਂਦਾ।

ਸੁਹੱਪਣਾ! ਨੇਰ੍ਹ ਅੱਖੀਆਂ 'ਤੇ ਵਿਛਾ ਲਾਂ,
ਨਾ ਵਿਰਥਾ ਹੀ ਡੁੱਲ ਜਾਂਦਾ ਜਾਂਦਾ।

*

## ਗ਼ਜ਼ਲਾਂ



(ਸ਼ਾਕਿਰ ਪੁਰਸ਼ਾਰਥੀ)

ਖਿੜਕੀਆਂ ਅਲਮਾਰੀਆਂ ਸਰਦਲ ਤੇ ਦਰ ਸ਼ੀਸ਼ੇ ਦਾ ਹੈ।
ਸੰਗ-ਦਿਲ ਇਨਸਾਨ ਦੀ ਕਿਸਮਤ 'ਚ ਘਰ ਸ਼ੀਸ਼ੇ ਦਾ ਹੈ।

ਪਹੁੰਚਿਆ ਮੰਜ਼ਿਲ ਤੇ ਮੈਂ ਇਹ ਮੋਅਜਜ਼ੇ ਤੋਂ ਘਟ ਨਹੀਂ,
ਰਹਿ ਗੁਜ਼ਰ ਪੱਥਰ ਦੀ ਹੈ ਤੇ ਹਮਸਫ਼ਰ ਸ਼ੀਸ਼ੇ ਦਾ ਹੈ।

ਕਿਰਚੀਆਂ ਸਧਰਾਂ ਦੀਆਂ ਕਿਹੜਾ ਚੁਣੂੰ ਕਿੱਦਾਂ ਚੁਣੂੰ,
ਤਨ ਹੈ ਲੋਹੇ ਦੀ ਸਰਾਂ ਤੇ ਦਿਲ ਮੇਰਾ ਸ਼ੀਸ਼ੇ ਦਾ ਹੈ।

ਇਸ ਝੁਲਸਦੀ ਧੁੱਪ ਵਿਚ ਰੁਕਣਾ ਹੈ ਸੱਦਾ ਮੌਤ ਨੂੰ,
ਸਾਇਬਾਂ ਤਾਂ ਹਰ ਪੜਾਅ ਤੇ ਹੈ ਮਗਰ ਸ਼ੀਸ਼ੇ ਦਾ ਹੈ।

ਧਰਤ ਦੀ ਤਾਸੀਰ ਨੇ ਇਹ ਕੀ ਵਿਖਾਈ ਹੈ ਬਹਾਰ,
ਪੇੜ ਨੂੰ ਪੱਥਰ ਦੇ ਜੋ ਲੱਗਾ ਹੈ ਫ਼ਲ ਸ਼ੀਸ਼ੇ ਦਾ ਹੈ।

ਪੋਚੀਆਂ ਕੰਧਾਂ 'ਤੇ ਪਾਈ ਜਾਂਦੈ ਐਵੇਂ ਲੀਕਰਾਂ,
ਕੀ ਕਰਾਂ ਇਸ ਦਾ ਗਿਲਾ ਇਹ ਬੇ ਹੁਨਰ ਸ਼ੀਸ਼ੇ ਦਾ ਹੈ।

*

✪

ਜਿਸ ਦੇ ਵਾਲ ਘਟਾਵਾਂ ਵਰਗੇ ਜਿਸ ਦੀ ਚਾਲ ਹਵਾ।
ਫਿਰੇਂ ਉਸੇ ਨੂੰ ਭਾਲਦੀ ਖੋਹਲੀ ਵਾਲ ਹਵਾ।

ਉਸ ਨੂੰ ਗਏ ਤਾਂ ਮੁੱਦਤਾਂ ਹੋਈਆਂ ਐਪਰ ਅਪਨੇ ਧਿਆਨ,
ਉਹੀ ਸੁਲਗ਼ਦੀ ਸ਼ਾਮ ਹੈ ਉਹੀ ਨਿਢਾਲ ਹਵਾ।

ਵੰਨ ਸੁਵੰਨੀਆਂ ਕਿਆਰੀਆਂ ਕੋਈ ਨਾ ਖਿੜਿਆ ਫੁੱਲ,
ਗੀਤ ਦੇ ਸੁਰ ਨੇ ਟਾਹਣੀਆਂ ਬੇਸੁਰ ਤਾਲ ਹਵਾ।

ਕਲੀ ਕਲੀ ਭੌਰਾ ਫਿਰੇ ਮਿਲੇ ਨਾ ਰਸ ਦੀ ਬੂੰਦ,
ਬਦਲੀ ਐਸੀ ਬਾਗ਼ ਦੀ ਐਤਕੀਂ ਸਾਲ ਹਵਾ।

ਤਿਰੇ ’ਚ ਕਿਸ ਦਾ ਰੰਗ ਹੈ ਤਿਰੇ ’ਚ ਕਿਸੇ ਦੀ ਬਾਸ,
ਕਲੀ ਕਲੀ ਤੋਂ ਬਾਗ ਵਿਚ ਕਰੇ ਸਵਾਲ ਹਵਾ।

ਸ਼ਾਕਿਰ ਦੇ ਮਨ ਵਿਚ ਵੱਸਣ ਉਸ ਦੇ ਨੈਣ ਕਮਲ,
ਖ਼ਾਬ ਹੈ ਜਿਸਦਾ ਚਾਨਣੀ ਜਿਸਦਾ ਖ਼ਯਾਲ ਹਵਾ।

*

ਨਜ਼ਰ ਨੂੰ ਅੰਗ ਸ਼ੀਸ਼ੇ ਦਾ ਬਣਾ ਲੈਂਦਾ ਹਾਂ ਪਹਿਲਾਂ।
ਮੈਂ ਹਰ ਮਨਜ਼ਰ ਦੇ ਪਸ-ਮਨਜ਼ਰ ਬਣਾ ਲੈਂਦਾ ਹਾਂ ਪਹਿਲਾਂ।

ਜ਼ਿਆਦਾ ਦਿਨ ਨਹੀਂ ਰਹਿੰਦਾ ਖ਼ੁਦ ਤੋਂ ਬੇ-ਤਅਲੁੱਕ ਮੈਂ,
ਹਮੇਸ਼ਾਂ ਰੁੱਸ ਕੇ ਖ਼ੁਦ ਨੂੰ ਮਨਾਅ ਲੈਂਦਾ ਹਾਂ ਪਹਿਲਾਂ।

ਫਿਰ ਉਸ ਤੋਂ ਬਾਅਦ ਸੁਣਦਾ ਹਾਂ ਸ਼ਬੇ-ਗ਼ਮ ਦਾ ਫ਼ਸਾਨਾ,
ਮੈਂ ਅਪਣੀ ਅੱਖ ਨੂੰ ਪੱਥਰ ਬਣਾ ਲੈਂਦਾ ਹਾਂ ਪਹਿਲਾਂ।

ਬੜਾ ਚਿਰ ਪਾ ਕੇ ਕਰਦਾ ਹਾਂ ਤਮੰਨਾ ਦਾ ਮੈਂ ਇਜ਼ਹਾਰ,
ਦਿਲਾਂ ਵਿਚ ਆਪਣਾ ਰਸਤਾ ਬਣਾ ਲੈਂਦਾ ਹਾਂ ਪਹਿਲਾਂ।

ਮਜ਼ਾ ਲਲਕਾਰ ਕੇ ਗੋਲੀ ਚਲਾਵਣ ਦਾ ਹੈ ਸ਼ਾਕਿਰ,
ਪਰਿੰਦਿਆਂ ਨੂੰ ਦਰਖ਼ਤਾਂ ਤੋਂ ਉੜਾ ਲੈਂਦਾ ਹਾਂ ਪਹਿਲਾਂ।

*

✪

ਇਕ ਪੱਤਾ ਕਿਸੇ ਸ਼ਾਖ਼ ਤੋਂ ਕਰਕੇ ਜੁਦਾ ਤਾਂ ਵੇਖ
ਮੈਂ ਫਿਰ ਵੀ ਜੀ ਰਿਹਾ ਹਾਂ ਮਿਰਾ ਹੌਸਲਾ ਤਾਂ ਵੇਖ

ਮਿੱਟੀ ਦੀ ਮੁੱਠ ਜਾਣ ਕੇ ਤੂੰ ਤਾਂ ਉਡਾ ਤਾ
ਹੁਣ ਮੈਨੂੰ ਅਪਣੀ ਰਾਹ 'ਚ ਖਿੰਡਿਆ ਹੋਇਆ ਤਾਂ ਵੇਖ

ਜ਼ੱਰੇ ਦੇ ਵਾਂਗ ਸਿਮਟਿਆ ਹੋਇਆ ਨਾ ਮੈਨੂੰ ਜਾਣ
ਸਹਿਰਾ ਦੇ ਵਾਂਗ ਮੈਨੂੰ ਪਸਰਿਆ ਹੋਇਆ ਤਾਂ ਵੇਖ

ਗੈਰਾਂ ਦੇ ਕੋਲੋਂ ਜਾ ਕੇ ਹਿਕਾਇਤ ਮਿਰੀ ਨਾ ਪੁੱਛ
ਜੋ ਕੁਝ ਹੈ ਮੇਰੇ ਚਿਹਰੇ 'ਤੇ ਲਿਖਿਆ ਹੋਇਆ ਤਾਂ ਵੇਖ

ਤੇਰੇ ਲਈ ਤਾਂ ਸਿਰਫ ਇਸ਼ਾਰੇ ਦੀ ਖੇਡ ਸੀ
ਮੈਨੂੰ ਜੋ ਪੇਸ਼ ਆਇਆ ਹੈ ਉਹ ਹਾਦਸਾ ਤਾਂ ਵੇਖ

ਮੰਨਿਆ ਕਿ ਤੇਰਾ ਮੇਰਾ ਕੋਈ ਵਾਸਤਾ ਨਹੀਂ
ਮੈਨੂੰ ਮਿਲਣ ਤੋਂ ਪਿਛੋਂ ਜਰਾ ਆਈਨਾ ਤਾਂ ਵੇਖ

ਚਿਹਰੇ ਦੀ ਚਾਂਦਨੀ 'ਤੇ ਨਾ ਤੂੰ ਐਨਾ ਮਾਣ ਕਰ
ਤੂੰ ਤੜਕ ਸਾਰ ਰੰਗ ਕਦੇ ਚੰਦ ਦਾ ਤਾਂ ਵੇਖ

*



## ਗ਼ਜ਼ਲਾਂ

(ਹਰਭਜਨ ਸਿੰਘ 'ਤੀਰ')

ਰਾਤ ਹਨੇਰੀ ਇਕ ਪਰਛਾਵਾਂ, ਮੇਰੇ ਕੋਲ ਦੀ ਲੰਘ ਗਿਆ।
ਬੁਝਿਆ ਦੀਵਾ ਦਿਲ ਮੇਰੇ ਦਾ, ਆਪਣੀ ਛੂਹ ਨਾਲ ਡੰਗ ਗਿਆ।

ਕਾਲੀ ਕਾਲਖ਼ ਮਨ ਅਪਣੇ 'ਚੋਂ, ਕਿਧਰੇ ਪੱਤਰਾ ਵਾਚ ਗਈ,
ਚਾਂਦੀ ਜਿਹੀ ਵਖੇਰ ਚਾਨਣੀ, ਕਣ ਕਣ ਮੇਰਾ ਰੰਗ ਗਿਆ।

ਚੈਨ ਕਰਾਰ ਉਹ ਦਿਲ ਮੇਰੇ ਦਾ, ਇਕ ਛਣਕਾਟਾ ਪਾਇਲ ਦਾ,
ਬਿਨ ਬੋਲਿਆਂ ਦਿਲ ਮੇਰੇ ਤੋਂ, ਨੈਣਾਂ ਥਾਣੀਂ ਮੰਗ ਗਿਆ।

ਚਟਕ ਜਿਹੀ ਸੀ ਬੁੱਲ੍ਹਾਂ ਦੀ ਜਾਂ, ਖਿੜੀਆਂ ਨਵੀਆਂ ਕਲੀਆਂ ਦੀ,
ਮਹਿਕ ਗੁਲਾਬੀ, ਸੰਦਲੀ ਖ਼ੁਸ਼ਬੋ, ਵੰਡਦਾ ਵੰਡਦਾ ਲੰਘ ਗਿਆ।

ਬ੍ਰਿਹੋਂ ਦਰਦ ਵਿਛੋੜਾ ਦਿਲ ਨੂੰ, ਦੇ ਗਿਆ ਇਕ ਸੌਗਾਤ ਜਿਹੀ,
ਖਿਆਲਾਂ ਵਿਚ ਹੀ ਆਉਣ ਜਾਣ ਦੀ 'ਤੀਰ' ਛੇੜ ਕੇ ਜੰਗ ਗਿਆ।

*

✪

ਸਰਹੱਦ ਰੋਵੇ ਮਾਰ ਕੇ ਧਾਹਾਂ, ਜਦੋਂ ਜਗਾਈਆਂ ਮੋਮ-ਬੱਤੀਆਂ।
ਡੁਸ-ਡੁਸ, ਬੁਕ-ਬੁਕ ਹੰਝੂ ਕੇਰੇ, ਜਦ ਰੁਸ਼ਨਾਈਆਂ ਮੋਮਬੱਤੀਆਂ।

ਪਿਘਲ-ਪਿਘਲ ਕੇ ਮੋਮ ਹੋ ਗਿਆ, ਪੱਥਰ ਦਿਲ ਸੰਗੀਨਾਂ ਦਾ,
ਸੁੱਚਾ ਪਿਆਰ ਸੰਦੇਸ਼ਾ ਲੈ ਕੇ, ਲੰਘ ਗਈਆਂ ਜਦ ਮੋਮਬੱਤੀਆਂ।

ਕੰਡਿਆਂ ਵਾਲੀ ਤਾਰ ਕੰਡਿਆਲੀ, ਤਾਰ ਤਾਰ ਹੋ ਬਿਖਰ ਗਈ,
ਨੂਰੋ ਨੂਰ ਦਿਲ ਰੋਸ਼ਨ ਕਰਕੇ, ਜਦ ਰੁਸ਼ਨਾਈਆਂ ਮੋਮਬੱਤੀਆਂ।

ਤੋੜੋ ਹੱਦਾਂ, ਇਹ ਸਰਹੱਦਾਂ, ਤੰਦਾਂ ਜੋੜੋ ਪਿਆਰ ਦੀਆਂ,
ਨਵੇਂ ਯੁੱਗ ਦੀ ਨਵੀਂ ਸੋਚ ਨੂੰ, ਨਾਲ ਲਿਆਈਆਂ ਮੋਮਬੱਤੀਆਂ।

ਨ੍ਹੇਰਾ ਕਰੂ ਵਸੇਰਾ ਜਾ ਕੇ, ਖੂਹ ਖਾਤੇ ਵਿਚ ਕੰਦਰਾਂ ਦੇ,
ਡੂੰਘੀਆਂ ਖਾਈਆਂ ਜਦੋਂ ਚਿਰਾਂ ਤੋਂ, ਭਰਦੀਆਂ ਆਈਆਂ ਮੋਮਬੱਤੀਆਂ

ਉਜਾੜਾਂ ਵਿਚ ਬਹਾਰਾਂ ਨੇ ਹੁਣ, ਮੰਗਲ ਗਾਉਣ ਨਵੇਂ ਸਵੇਰੇ,
ਹਰਸ਼ ਹਰਸ਼ ਹੁਣ ਦੀਪ ਜਗਾਉ, ਦੇਣ ਦੁਹਾਈਆਂ ਮੋਮਬੱਤੀਆਂ।

ਦੇਖਿਉ ਕਿਸੇ ਦੇ ਟੇਟੇ ਚੜ੍ਹਕੇ, ਸਾਂਝ ਬਾਂਝ ਨਾ ਹੋ ਜਾਵੇ,
'ਤੀਰ' ਸਦਾ ਇਹ ਰਹਿਣ ਸਲਾਮਤ, ਦੇਣ ਵਧਾਈਆਂ ਮੋਮਬੱਤੀਆਂ।

*

✪

ਜਵਾਨੀ ਦੇ ਦਿਨ ਉਹ ਹੁਸਨ ਦੇ ਖ਼ਜ਼ਾਨੇ।
ਮੁੜ ਕੇ ਨੀਂ ਆਉਂਦੇ ਉਹ ਗੁਜ਼ਰੇ ਜ਼ਮਾਨੇ।

ਪਾਗ਼ਲ ਹੈ ਦਿਲ, ਪਰ ਨਿਤਾਣਾ ਨਹੀਂ ਹੈ,
ਲਭਦਾ ਹੈ ਗੁਜ਼ਰੇ ਨੂੰ ਆਨੇ ਬਹਾਨੇ।

ਫੁੱਲਾਂ ਨੂੰ ਛੂੰਹਦਾ, ਤਿਤਲੀਆਂ ਨੂੰ ਫੜਦਾ,
ਖਿਆਲਾਂ ’ਚ ਖਿੜਦੇ ਅਜੇ ਗੁਲਸਤਾਂਨੇ।

ਜੀਰਨ ਜੁਆਨੀ ਸੁਆਹ ਖ਼ਾਕ ਹੋਈ,
ਅਜੇ ਪੰਛੀ ਭਾਲਣ ਨਵੇਂ ਆਸ਼ਿਆਨੇ।

ਸਾਹਾਂ ਦੀ ਡੋਰੀ ’ਚ ਸਾਹ ਸਤ ਨਹੀਂ ਹੈ,
ਚੜ੍ਹੀ ਗੁੱਡੀ ਲੋਚੇ, ਅਜੇ ਆਸਮਾਨੇ।

ਤਾਰ ਤਾਰ ਹੋਈ ਹੈ, ਜੀਵਨ ਦੀ ਤਾਣੀ,
ਪਰ ਜੁੱਸੇ ’ਚ ਹਾਲੇ ਬੜੇ ਆਰਮਾਂ ਨੇ।

ਭੌਂਦੇ ਹੀ ਆਉਂਦੇ ਨੇ ਅੰਬਰਾਂ ’ਚੋਂ ਪੰਛੀ,
ਸਹੀ ‘ਤੀਰ’ ਲਾਉਂਦਾ ਅਜੇ ਵੀ ਨਿਸ਼ਾਨੇ।

*

✪

ਅੱਧੀ ਰਾਤੀਂ ਗੀਤ ਹਿਜ਼ਰਦੇ, ਉੱਠ ਉੱਠ ਕੇ ਮੈਂ ਗਾਵਾਂ।
ਸਿਖਰ ਦੁਪਹਿਰੇ ਜੋਬਨ ਉੱਤੇ, ਸ਼ਾਮਾਂ ਦਾ ਪਰਦਾ ਪਾਵਾਂ।

ਤੰਦ ਧੂਹਾਂ ਜਦੋਂ ਪੂਣੀ ਵਿਚੋਂ, ਦਿਲ ਵੀ ਧੂਹਿਆ ਜਾਂਦਾ,
ਟੁੱਟੇ ਤੰਦ ਨੂੰ ਸਮਝ ਨਾ ਆਵੇ, ਕਿੰਝ ਤਕਲੇ ਤੇ ਪਾਵਾ।

ਜਿਉਂ ਜਿਉਂ ਧੂੜਾ ਧੂੜਾਂ ਉਸ ਤੇ, ਹੋਰ ਫੁੰਕਾਰੇ ਮਾਰੇ,
ਨਾਗ ਹਿਜ਼ਰ ਦਾ ਕੀਲ ਨਾ ਹੁੰਦਾ, ਮੋਹਣੀ ਬੀਨ ਬਜਾਵਾਂ।

ਕਿਣ ਮਿਣ ਕਿਣ ਮਿਣ ਮੋਤੀ ਕੇਰਨ, ਹੰਸ ਸਰੋਵਰ ਕੰਢੇ,
ਮਹਿੰਦੀ, ਚੂੜੇ ਵਾਲੇ ਹੱਥੀਂ, ਜਦ ਮੈਂ ਚੋਗ਼ ਚੁਗਾਵਾਂ।

ਸ਼ੀਸ਼ਾ ਮੇਰੇ ਮੂੰਹ ਵੱਲ ਤੱਕਦਾ, ਜਦ ਸ਼ੀਸ਼ੇ ਵੱਲ ਤੱਕਾਂ,
ਨਿਰੇ ਨਿਹੋਰੇ ਹੁਸਨ ਨੂੰ ਮਾਰੇ, ਜ਼ਹਿਰ ਹੋਵੇ ਤਾਂ ਖਾਵਾਂ।

ਪੀੜ ਪੀਹੜੇ ਨਾ ਬੈਠਣ ਦੇਵੇ, ਭੈੜਾ ਦਰਦ ਹਿਜ਼ਰ ਦਾ,
ਅੱਖਾਂ ਵਿਚ ਉਨੀਂਦਰਾ ਰੜਕੇ, ਸੁਪਨੇ ਕਿਵੇਂ ਸਜਾਵਾਂ।

ਬੇਦਰਦੀ ਨੇ 'ਤੀਰ' ਹਿਜ਼ਰ ਦਾ, ਛੱਡਿਆ ਕਿਵੇਂ ਕੁਵੇਲੇ,
ਫਿਰ ਵੀ ਚੁੱਕ ਨਿਰਮੋਹੀ ਦੇ ਮੈਂ, ਤੀਰ ਜਿਗਰ ਨੂੰ ਲਾਵਾਂ।

*

## ਗ਼ਜ਼ਲਾਂ



(ਕੇਸਰ ਸਿੰਘ 'ਨੀਰ')

ਆਦਮੀ ਤੋਂ ਕੁਦਰਤਾਂ ਦਾ ਭੇਤ ਪਾਇਆ ਨਾ ਗਿਆ।
ਹਸਰਤਾਂ ਤੋਂ ਰੀਝ ਦਾ ਮੰਦਰ ਬਣਾਇਆ ਨਾ ਗਿਆ।

ਖੋਜ ਮਾਰੇ ਆਦਮੀ ਨੇ ਧਰਤ, ਅੰਬਰ ਤੇ ਪਤਾਲ,
ਪੀੜ ਦੇ ਸਾਗਰ 'ਚ ਡੁੱਬਾ ਦਿਲ ਬਚਾਇਆ ਨਾ ਗਿਆ।

ਨ੍ਹੇਰ ਨੇ ਚਾਹਿਆ ਸਦਾ ਹੀ ਚਾਨਣਾਂ ਨੂੰ ਨਿਗਲਣਾ,
ਕਾਲ਼ੀਆਂ ਰਾਤਾਂ ਤੋਂ ਸੂਰਜ ਨੂੰ ਮੁਕਾਇਆ ਨਾ ਗਿਆ।

ਮੌਤ ਨੂੰ ਤੱਕ ਕੇ ਵੀ ਉਹ ਤਾਂ ਖਿੜਖਿੜਾ ਕੇ ਹੱਸਿਆ,
ਯਾਰ ਸਨ ਬੇਦਿਲ ਜਿਨ੍ਹਾਂ ਤੋਂ ਮੁਸਕਰਾਇਆ ਨਾ ਗਿਆ।

ਹੌਸਲਾ ਹੀ ਜੂਝਿਆ ਹੈ, ਹਰ ਸਿਤਮ, ਹਰ ਪੀੜ ਨਾਲ,
ਹੌਸਲੇ ਬਿਨ ਸੂਲ਼ੀਆਂ 'ਤੇ ਗੀਤ ਗਾਇਆ ਨਾ ਗਿਆ।

ਆਪਣੇ ਹਿੱਸੇ ਦੀ ਵਿਸ਼ ਤਾਂ ਆਪ ਹੀ ਮੈਂ ਪੀਵਣੀ,
ਲੋਕ ਨਾ ਆਖਣ ਕਿ ਕੌੜਾ ਘੁੱਟ ਲੰਘਾਇਆ ਨਾ ਗਿਆ।

ਆਏ ਹੋ, ਕੁਰਬਾਨ ਹਾਂ, ਸੌ ਵਾਰ ਇਕ-ਇਕ ਕਦਮ ਤੋਂ,
ਕੱਲਿਆਂ ਤੋਂ ਭਾਰ ਸਿਰ ਦਾ ਹੇਠ ਲਾਹਿਆ ਨਾ ਗਿਆ।

*

✪

ਸੋਚਦਾ ਹਾਂ ਮੈਂ ਸਦਾ ਹੀ ਆਦਮੀ ਦੇ ਵਾਸਤੇ।
ਆਦਮੀ ਦੀ ਜ਼ਿੰਦਗਾਨੀ ਰਾਂਗਲੀ ਦੇ ਵਾਸਤੇ।

ਕੁਝ ਗ਼ਮੀ ਵੀ ਹੈ ਜਰੂਰੀ ਜ਼ਿੰਦਗੀ ਦੇ ਵਾਸਤੇ।
ਛੇਕ ਸੀਨੇ ਲਾਜ਼ਮੀ ਨੇ ਬੰਸਰੀ ਦੇ ਵਾਸਤੇ।

ਹੁਣ ਜ਼ਮਾਨਾ ਹੋਰ ਹੈ ਨਾ ਭੁੱਲ ਮੇਰੇ ਦੋਸਤਾ,
ਕੁਝ ਦਿਖਾਵਾ ਲਾਜ਼ਮੀ ਹੈ ਦੋਸਤੀ ਦੇ ਵਾਸਤੇ।

ਟੋਲਦਾ ਏਂ ਨੌਕਰੀ ਤੇ ਨਾਲ਼ ਰੱਖਦਾ ਏਂ ਖ਼ੁਦੀ,
ਕੰਮ ਦੀ ਇਹ ਚੀਜ਼ ਕਿੱਥੇ ਨੌਕਰੀ ਦੇ ਵਾਸਤੇ।

ਜਾਣ ਨਾ ਤੂੰ ਇਸ਼ਕ ਨੂੰ ਇਕ ਦਿਲਲਗੀ ਦੀ ਖੇਡ ਹੀ,
ਜਾਨ ਵੀ ਦੇਣੀ ਪਵੇ ਇਸ ਦਿਲਲਗੀ ਦੇ ਵਾਸਤੇ।

ਚਿਣਗ ਜੇ ਮਘਦੀ ਰਹੇ ਤਾਂ ਲਾਟ ਵੰਡੇ ਰੋਸ਼ਨੀ,
ਰੱਤ ਦਿਲ ਦੀ ਬਾਲ਼ ਤੂੰ ਵੀ ਸ਼ਾਇਰੀ ਦੇ ਵਾਸਤੇ।

ਲਕਸ਼ ਖ਼ਾਤਰ ਜੂਝਣਾ ਹੀ ਜ਼ਿੰਦਗੀ ਦੀ ਸ਼ਾਨ ਹੈ,
ਜੂਝਣਾ ਹੀ ਜ਼ਿੰਦਗੀ ਹੈ ਆਦਮੀ ਦੇ ਵਾਸਤੇ।

*

✪

ਸੁਰੀਲੀ ਹੈ ਤੁਹਾਡੀ 'ਵਾਜ਼ ਊਂ ਤਾਂ ਬੰਸਰੀ ਵਰਗੀ।
ਕਰੋ ਹੁਣ ਗੱਲ ਵੀ ਕੋਈ ਜੁ ਲੱਗੇ ਰਾਗਣੀ ਵਰਗੀ।

ਬਣਾਏ ਨੇ ਬੜੇ ਹਥਿਆਰ ਤੇਰੀ ਸੋਚ ਨੇ ਯਾਰਾ!
ਬਣਾ ਕੇ ਤਾਂ ਦਿਖਾ ਤੂੰ ਸ਼ੈਅ ਅਮੁੱਲੀ ਜ਼ਿੰਦਗੀ ਵਰਗੀ।

ਜ਼ਮਾਨਾ ਬੀਤਿਆ, ਜਦ ਆਮ ਮਿਲਦੀ ਸੀ ਦਿਲਾਂ ਅੰਦਰ,
ਮੁਹੱਬਤ ਦੋਸਤੀ ਵਰਗੀ, ਸਚਾਈ ਰੋਸ਼ਨੀ ਵਰਗੀ।

ਬਣਾ ਸ਼ੀਸ਼ਾ ਦਿਲੇ ਦਾ ਸਾਫ਼ ਸੱਚੇ ਆਸ਼ਕਾਂ ਵਰਗਾ,
ਖੁਸ਼ੀ ਜੇ ਲੋਚਦਾ ਏਂ ਆਸ਼ਕਾਂ ਦੀ ਆਸ਼ਕੀ ਵਰਗੀ।

ਭਲਾ ਕੀ ਜਾਣਦੇ ਉਹ, ਨੀਂਦ ਕੀ ਹੈ? ਖ਼ਾਬ ਕੀ ਹੁੰਦੇ?
ਜਿਨ੍ਹਾਂ ਦੀ ਜ਼ਿੰਦਗੀ ਹੈ ਵੇਸਵਾ ਦੀ ਰਾਤਰੀ ਵਰਗੀ।

ਬੜਾ ਧਨਵਾਨ ਹੈਂ ਤੂੰ 'ਨੀਰ' ਭਾਵੇਂ ਧਨ ਨਹੀਂ ਪੱਲੇ
ਮਿਲੀ ਹੈ ਸ਼ੈਅ ਅਮੁੱਲੀ ਦੇਖ ਤੈਨੂੰ ਸ਼ਾਇਰੀ ਵਰਗੀ।

*

✪

ਉਠਾਇਆ ਹੈ ਸਦਾ ਦਿਲ ਤੇ, ਜਿਨ੍ਹੇ ਵੀ ਭਾਰ ਲੋਕਾਂ ਦਾ।
ਉਸੇ ਨੂੰ ਹੀ ਸਦਾ ਮਿਲਿਆ ਹੈ, ਪੂਰਾ ਪਿਆਰ ਲੋਕਾਂ ਦਾ।

ਸਦਾ ਕਰਦੇ ਨੇ ਊਂ ਤਾਂ ਸਾਰੇ ਹੀ ਸਤਿਕਾਰ ਲੋਕਾਂ ਦਾ।
ਬੜਾ ਔਖਾ ਹੈ ਬਣ ਜਾਣਾ ਕਿ ਜਿਗਰੀ ਯਾਰ ਲੋਕਾਂ ਦਾ।

ਇਰਾਦਾ ਹੈ ਤਿਰਾ ਜਗ ਤੇ ਕਦੇ ਕੁਝ ਬਣ ਦਿਖਾਵਣ ਦਾ?
ਜੇ ਬਣਨਾ ਹੈ ਤਾਂ ਬਣ ਜਾ ਦੋਸਤਾ ਗ਼ਮਖ਼ਾਰ ਲੋਕਾਂ ਦਾ।

ਉਸੇ ਨੇ ਹੀ ਸਦਾ ਲੋਕਾਂ ਦੇ ਦਿਲ 'ਤੇ ਰਾਜ ਕਰਨਾ ਹੈ,
ਬਣੇ 'ਗੋਬਿੰਦ' 'ਲੈਨਿਨ' 'ਭਗਤ' ਜਾਂ 'ਕਰਤਾਰ' ਲੋਕਾਂ ਦਾ।

ਜਿਦ੍ਹੇ ਦਿਲ ਵਿਚ ਰਤਾ ਵੀ ਪੀੜ ਲੋਕਾਂ ਦੀ ਨਹੀਂ ਹੁੰਦੀ,
ਉਹ ਬਣ ਕੇ ਨਹੀਂ ਬਣਦਾ ਕਦੇ ਸਰਦਾਰ ਲੋਕਾਂ ਦਾ।

ਅਜੇ ਸੰਸਾਰ ਇਹ ਜੋਕਾਂ ਦਾ ਹੈ, ਲੋਕਾਂ ਦਾ ਨਹੀਂ ਬਣਿਆਂ,
ਅਸੀਂ ਤਾਂ ਲੋਚਦੇ ਹਾਂ ਬਣ ਜਾਏ ਸੰਸਾਰ ਲੋਕਾਂ ਦਾ।

ਬੜਾ ਹਮਦਰਦ ਬਣਦਾ ਹੈ, ਮਿਰਾ ਦਿਲ ਊਂ ਤਾਂ ਲੋਕਾਂ ਦਾ,
ਬਣੇ ਵੀ ਦਿਲ ਮਿਰਾ, ਦਿਲ ਤੋਂ ਕਦੇ ਦਿਲਦਾਰ ਲੋਕਾਂ ਦਾ।

(403)293-9039

*

## ਸੋਚਾਂ

(ਈਸ਼ਰ ਸਿੰਘ ਮੌਜੀ)



ਸੋਚ ਲੋੜੇ ਗਗਨ ਹੱਥੀਂ ਫੜਨ ਨੂੰ,
ਜਿੰਦ ਲੋੜੇ ਧਰਤ ਸੋਚੀ ਧਰਨ ਨੂੰ।

ਪੈਰ ਸਾਡੇ ਤਿਲਕਦੇ ਹਰ ਖਾਹਿਸ਼ ਤੇ,
ਵਧ ਰਹੀ ਏ ਲਗਨ, ਅਰਸ਼ੀਂ ਚੜ੍ਹਨ ਨੂੰ।

ਔਕੜਾਂ ਵਿਚ ਜ਼ਿੰਦਗੀ ਹੈ ਮਚਲਦੀ,
ਮੰਜ਼ਲਾਂ ਤੋਂ ਅੱਗੇ ਕੁਝ ਨਾ ਕਰਨ ਨੂੰ।

ਮੱਸਿਆ ਦੀ ਰਾਤ ਵਿਧਵਾ ਹੋ ਗਈ,
ਸੂਰਜਾਂ ਦੀ ਹੋੜ੍ਹ ਮੁੱਕੀ ਵਰਨ ਨੂੰ।

ਸੌੜੀ ਕਿੰਨੀ ਹੋ ਗਈ ਏ ਧਰਤ ਅੱਜ,
ਪੈਰ ਥਾਵਾਂ ਸੁੰਘਦੇ ਨੇ ਧਰਨ ਨੂੰ।

ਸੋਚ ਦੀ ਹਰ ਪੀੜ ਹੈ ਪਥਰਾ ਗਈ,
ਤਰਸਦੀ ਏ ਅੱਖ ਹੰਝੂ ਭਰਨ ਨੂੰ।

ਅੱਤ ਨੇ ਹੱਦ ਛੋਹੀ ਅੰਤ ਦੀ,
'ਮੌਜੀ' ਕਿੱਥੋਂ ਸਬਰ ਆਵੇ ਜਰਨ ਨੂੰ।

## ਅਹਿਸਾਸ

ਅਹਿਸਾਸ ਕੋਈ ਰਾਤ ਭਰ ਅੱਜ ਫੇਰ ਤੜਫਾਂਦਾ ਰਿਹਾ,
ਰੋਂਦੀਆਂ ਸੱਧਰਾਂ ਨੂੰ ਮੈਂ ਅੱਜ ਫੇਰ ਗਲ਼ ਲਾਂਦਾ ਰਿਹਾ।

ਟੁੱਟਦੇ ਤਾਰੇ ਅੰਦਰੋਂ ਤੇ ਸਬਰ ਮੇਰਾ ਡੋਲਦਾ,
ਜਜ਼ਬਿਆਂ ਦੇ ਵੇਗ ਨੂੰ ਮੈਂ, ਅੱਜ ਫੇਰ ਠੱਲ੍ਹ ਪਾਂਦਾ ਰਿਹਾ।

ਜਦ ਅਜਬ ਜਿਹੀ ਜ਼ਹਿਰ ਮੇਰੇ ਸੁਪਨਿਆਂ ਵਿਚ ਘੁਲ ਗਈ,
ਸਬਰ ਸੂਲੀ ਤੇ ਟੰਗਿਆ, ਅੱਜ ਫੇਰ ਮੁਸਕਰਾਂਦਾ ਰਿਹਾ।

ਵਿਹੜੇ ਦਿਲ ਦੇ ਗੀਤ ਕੋਈ, ਆਹ ਭਰਕੇ ਮਰ ਗਿਆ,
ਸੇਕਦਾ ਯਾਦਾਂ ਦੀ ਚਿਤਾ, ਅੱਜ ਫੇਰ ਮੈਂ ਗਾਂਦਾ ਰਿਹਾ।

ਸੱਜਰੀ ਉਸ ਦੀ ਪੈੜ ਨੂੰ, ਜਦ ਆਪਣੇ ਬੂਹਿਉਂ ਹੂੰਝਿਆ,
ਕਹਿ ਕੇ ਭੁਲੇਖਾ ਸੋਚ ਨੂੰ, ਅੱਜ ਫੇਰ ਪਰਚਾਂਦਾ ਰਿਹਾ।

'ਮੌਜੀ' ਘਟੇ ਅੰਧੇਰਾ ਕੁਝ ਤਾਂ, ਸੋਚ ਦੀ ਪਰਵਾਜ਼ ਦਾ,
ਦਿਲ ਦੇ ਬੁਝੇ ਦੀਪ ਨੂੰ, ਮੈਂ ਅੱਜ ਫੇਰ ਰੁਸ਼ਨਾਂਦਾ ਰਿਹਾ।

*

## ਗੀਤ

ਨਿੱਕੀ ਨਿੱਕੀ ਬਦਲਾਂ 'ਚੋਂ ਭੂਰ ਵੇ ਵਰ੍ਹੇ।
ਮੋਟੀ ਮੋਟੀ ਕਣੀ ਸਾਡੇ ਅੱਖੀਉਂ ਝਰੇ।
ਮੇਲ ਵਾਲੇ ਦਿਲ 'ਚ ਮਰਜ ਜਾਗ ਪਏ।
ਪੀੜਾਂ ਵਾਲੇ ਸੱਜਰੇ, ਦਰਦ ਜਾਗ ਪਏ।

ਆਪੇ ਟੁੱਟ ਗਈ ਵੰਗ, ਅਸੀਂ ਆਪ ਤੋੜੀ ਸੰਗ।
ਲੈ ਦੇ ਦੁੱਖਾਂ ਦੀ ਦਵਾ, ਹੁਣ ਪਰਤ ਘਰੇ।

ਉੱਚਾ ਨੀਵਾਂ ਕੁਝ ਆ ਕੇ ਬੋਲ ਤਾਂ ਸਹੀ।
ਦਿਲ ਵਾਲੀ ਘੁੰਡੀ, ਕਦੀ ਖੋਲ੍ਹ ਤਾਂ ਸਹੀ।
ਸੂਹੇ ਹੋਠ ਕੁਮਲਾਏ, ਝੱਲੇ ਨੈਣ ਤਿਰਹਾਏ,
ਠੰਡੀ-ਠੰਡੀ ਪੌਣ, ਸਾਡਾ ਤਨ ਨਾ ਜਰੇ।

ਰਾਤੀਂ ਸੁਪਨੇ 'ਚ ਤੇਰੀ ਤਸਵੀਰ ਹੱਸ ਦੀ।
ਦਿਲ-ਵਿਹੜੇ ਸਦਾ ਦਿਨੇ ਯਾਦ ਨੱਚਦੀ।
ਪਾਵੇਂ ਮਾਂਗ 'ਚ ਸੰਧੂਰ, ਮੁੜ ਪਰਤੇ ਸਰੂਰ,
ਪੱਤ ਲੂਹੀਆਂ ਸੱਧਰਾਂ ਦੇ ਹੋਣ ਵੇ ਹਰੇ।

ਇਕ ਆਸ ਉੱਤੇ, ਸੱਭੇ ਆਸਾਂ ਡੱਕੀਆਂ।
ਤੇਰੀ ਵੇ ਉਡੀਕ ਵਿਚ, ਅੱਖਾਂ ਥੱਕੀਆਂ।
ਨਿਰੀ ਝੱਲ ਮਸਤਾਨੀ, ਸਾਡੀ ਕੂਕਦੀ ਜਵਾਨੀ,
ਦਿਲੀਂ ਉੱਠਦੇ ਤੂਫਾਨਾਂ ਕੋਲੋਂ ਸਬਰ ਡਰੇ।

ਬਾਹਾਂ ਖੋਲ੍ਹ ਕਦ ਪਲਕਾਂ ਨੂੰ ਢੋਵਾਂਗੀ।
ਸ਼ਗਨਾਂ ਦੇ ਬੂਹੇ ਕਦ ਤੇਲ ਚੋਵਾਂਗੀ।
ਅੱਜ ਅਥਰੀ ਝੜੀ, ਸਾਰੀ ਉੱਤੇ ਹੈ ਵਗ੍ਹੀ,
'ਮੌਜੀ' ਤਪਦਾ ਤੰਦੂਰ ਤਨ ਅਜੇ ਨਾ ਠਰੇ।

*

✪

ਨੀ ਜਿੰਦੇ ਛੱਡ ਦੂਰ ਗਿਆਂ ਦੀ ਯਾਰੀ।
ਥਲਾਂ ਵਿਚੋਂ ਇਕ ਪੈੜ ਢੂੰਡਦਿਆਂ,
ਉਮਰ ਲੰਘਾ ਲਈ ਸਾਰੀ।

ਫਿਕਰਾਂ ਦੇ ਵਿਚ ਬਚਪਨ ਬੀਤਿਆ,
ਸਾਥੋਂ ਰਹੀ ਜਵਾਨੀ ਰੁੱਠੀ।
ਹਰ ਦਿਨ ਆਈ ਨਵੀਂ ਮੁਸੀਬਤ,
ਸਦਾ ਜਾਨ ਰਹੀ ਵਿਚ ਮੁੱਠੀ।
ਪੁੱਤ ਪੋਤਰੇ ਧੀਆਂ ਦੋਹਤੇ,
ਭਾਰੀ ਮੋਹ ਦੀ ਖਾਰੀ।

ਪਿਆਰ ਨਾ ਤਨ ਤੋਂ ਉੱਪਰ ਉੱਠੇ,
ਕਈ ਸਹਿਜ ਪ੍ਰੀਤਾਂ ਪਾਈਆਂ।
ਭਟਕਣ ਨਾ ਪੈਰਾਂ ਦੀ ਮੁੱਕੀ,
ਹੱਥ ਨਾ ਮੰਜ਼ਲਾਂ ਆਈਆਂ।
ਬਲ਼ਦੀ ਚਿਤਾ ਨੂੰ ਅਰਘ ਚੜ੍ਹਾ ਕੇ,
ਮਣਸੀ ਜਿੰਦ ਕੁਆਰੀ।

ਲੰਮੀ ਜ਼ਿੰਦਗੀ ਜਿੰਦ ਨਿਆਣੀ,
ਸਾਥ ਵਿਹੂਣੀ ਭਟਕੇ।
ਰੁਲ਼ਣ ਪੂਣੀਆਂ, ਤੰਦ ਗਲੋਟੇ,
ਸਾਹ ਸਾਹਾਂ ਵਿਚ ਅਟਕੇ।
ਅੰਤਮ ਛੋਹਾਂ ਅਜੇ ਉਡੀਕੇ,
ਯਾਦਾਂ ਦੀ ਫੁੱਲਕਾਰੀ।

ਦੂਰ ਦੁਰਾਡੇ ਵਿੱਥਾਂ ਉੱਤੇ,
ਆਹਾਂ ਭਰਦੀਆਂ ਯਾਦਾਂ।
ਰੂਹ ਨਿਰਾਸ਼ੀ ਵਿਹੜੇ ਕੱਚੇ,
ਗੀਤ ਕਰਨ ਫਰਿਆਦਾਂ।
ਬਿਖੜੀਂ ਪੈਡੀਂ ਚੁੱਕ ਨਾ ਹੋਵੇ,
ਪੰਡ ਜ਼ਿੰਦਗੀ ਦੀ ਭਾਰੀ।

94638-43045

*

# ਆਖ਼ਰੀ ਤੀਰ



(ਦਰਸ਼ਨ ਸਿੰਘ ਓਬਰਾਏ)

ਫਨੀਅਰ ਦਾ ਜ਼ਹਿਰ
ਫੈਲ ਰਿਹਾ ਹੈ
ਕੁੱਲ ਸੰਸਾਰ ਤੇ।
ਮੈਂ ਤੇ ਤੂੰ....
ਹਾਂ ਕੀ ਵਿਚਾਰੇ,
ਡੇਰੇ ਸਾਧਾਂ ਦੇ ਵੀ
ਕੀਲ ਲਏ ਹਨ ਇਸਨੇ
ਬ੍ਰਹਮ ਅਸਤਰ ਦੀ
ਚੱਲ ਰਹੀ ਹੈ ਸਤ੍ਰਾ
ਹੋ ਰਿਹਾ ਉਦਾਰੀਕਰਣ
ਹੁਣ ਤਾਂ ਛੋਟੇ ਛੋਟੇ ਪਿੰਡ ਵੀ
ਖੋਲ੍ਹ ਰਹੇ ਨੇ ਬ੍ਰਹਮ ਅਸਤਰ ਦੇ ਦਫ਼ਤਰ

ਆਦਾਨ ਪ੍ਰਦਾਨ ਨਿੱਤ ਹੁੰਦਾ ਹੈ
ਪਿੰਡ ਵੱਲ ਜਾਂਦੇ ਰਸਤੇ
ਰੇਤੇ ਦੀ ਥਾਂ ਤੇ ਪੱਕੀਆਂ ਜਾਂਦੀਆਂ
ਹਨ ਬੱਸਾਂ
ਖੁੰਢ ਚਰਚਾ ਤਾਂ ਓਦੋਂ ਹੁੰਦੀ ਸੀ
ਹੁਣ ਸੱਥ ਸਿਆਸਤ ਚੱਲਦੀ ਹੈ
ਬੰਦ ਮੂੰਹ ਤੇ ਵੱਜ ਰਹੇ ਤਾਲੇ
ਚਾਬੀਆਂ ਕਿਸ ਦੀ ਮੁੱਠੀ ਵਿਚ
ਬ੍ਰਹਮ ਅਸਤਰ ਦਾ ਨਵਾਂ ਮਖੌਟਾ

ਸੁਣਿਆ ਹੈ ਹੁਣ
ਮਹਾਂ ਭਾਰਤ ਦੇ ਯੁੱਧ ਵਿਚ
ਸਾਰੇ ਅਸਤਰ ਵਰਤੇ ਗਏ
ਨਵੀਨੀਕਰਣ ਦਾ ਵੀ
ਭੀਸ਼ਮ ਪਿਤਾਮਾ ਵਿੰਨਿਆ ਪਿਆ ਹੈ ਤੀਰਾਂ ਸੰਗ
ਉਡੀਕ ਰਿਹਾ ਹੈ ਆਖ਼ਰੀ ਤੀਰ।

## ਹੱਕ ਲਈ ਜੂਝ ਰਿਹਾਂ ਦੇ ਨਾਂ

ਮੈਂ ਜਦ ਵੀ ਹੱਕ ਲਈ ਉੱਠਿਆ
ਬਾਗ਼ੀ ਕਰਾਰ ਦਿੱਤਾ
ਮੇਰੀ ਕਲਮ ਨੇ,
ਮੇਰੇ ਜਿਹਿਆਂ ਦੀ ਗੱਲ ਕਹੀ
ਮੈਨੂੰ ਸੀਖਾਂ ਨਾਲ ਪਰੁੰਨ੍ਹਿਆ
ਗੋਲੀਆਂ ਨਾਲ ਵਿੰਨ੍ਹਿਆ
ਮੇਰੇ ਸਿਰ ਦਾ ਇਨਾਮ ਰੱਖਿਆ
ਜਿੰਨੇ ਸਿਰ ਮੇਰੇ ਲਾਹੇ
ਧੜ ਮੇਰੇ ਤੇ ਅਗਿਣਤ ਉੱਗੇ
ਹੱਕ ਮੇਰੇ ਉਹ ਖੋਂਹਦੇ ਰਹੇ
ਮੈਂ ਜਿਉਂਦਾ ਰਿਹਾ।

ਮੈਂ ਜਦ ਵੀ ਹੱਕ ਲਈ ਉੱਠਿਆ
ਮੈਂ ਜਿਉਂਦਾ ਰਿਹਾ।
ਹੱਕ ਲਈ ਜਿਉਣਾ ਹੀ ਜਿਉਣਾ ਏ
ਮੇਰੇ ਯਾਰ....
ਹੱਕ ਲਈ ਉੱਠੀਏ
ਉੱਠਿਆਂ ਦਾ ਦਈਏ ਸਾਥ
ਫਿਰ ਗਵਾਂਢੀ ਨੇ ਦਿੱਤੀ ਆਵਾਜ਼
ਮੇਰਾ ਹੱਕ
ਮੈਂ ਜਦ ਵੀ ਹੱਕ ਲਈ ਉੱਠਿਆ
ਬਾਗ਼ੀ ਕਰਾਰ ਦਿੱਤਾ।

*

## ਰਿਸ਼ਤੇ

ਤੱਤੀ ਤਵੀ ਤੇ ਤੱਤੇ ਮਾਰੂਥਲ
ਮੈਂ ਅੱਜ ਮੁੜ ਚੜ੍ਹਨਾ ਹੈ
ਤੇਰਾ ਮੇਰਾ ਕਾਹਦਾ ਰਿਸ਼ਤਾ

ਚੰਦੂ....
ਤੂੰ ਜਾਬਰ ਮੈਂ ਮਜ਼ਲੂਮ
ਤੂੰ ਬਾਜ ਮੈਂ ਚਿੜੀ
ਮੈਂ ਤਾਂ ਚਿੜੀਆਂ ਨੂੰ ਆਖਾਂ
ਚਿੜੀਓ ਮਰਨਾ ਸਿੱਖੀਏ
ਇਤਿਹਾਸ ਲਿਖੀਏ
ਹਰ ਮੋੜ ਤੇ ਨਵਾਂ ਹੁੰਦਾ ਹੈ
ਇਤਿਹਾਸ....
ਖ਼ੂਨ ਨਾਲ ਲਿਖਿਆ ਜਾਂਦਾ ਹੈ

ਚੰਦੂ!
ਤੇਰਾ ਮੇਰਾ ਕਾਹਦਾ ਰਿਸ਼ਤਾ
ਤੇਰਾ ਰਿਸ਼ਤਾ ਜ਼ਾਬਰਾਂ ਸੰਗ
ਮੇਰਾ ਰਿਸ਼ਤਾ ਮਜ਼ਲੂਮਾਂ ਸੰਗ
ਦੱਬਿਆਂ ਸੰਗ।
ਤੇਰੇ ਜ਼ੁਲਮ ਨੇ
ਮੇਰੇ ਰਿਸ਼ਤੇ ਨੂੰ ਜਦ ਪਰਖਿਆ ਹੈ
ਤੱਤੀ ਤਵੀ ਚੜ੍ਹਿਆ ਹੈ
ਮਾਰੂਥਲ ਤੁਰਿਆ ਹੈ
ਮੇਰਾ ਤੇਰਾ ਕਾਹਦਾ ਰਿਸ਼ਤਾ
ਚੰਦੂ!

*

## ਕੱਲ੍ਹ ਦੀ ਬਾਕੀ ਤੇ

ਕਿਸ ਨਫ਼ਰਤ ਦਾ ਬੀਜ ਬੀਜਿਆ?
ਕਿਸ ਪਿਆਰ ਦਾ ਅਹਿਸਾਸ ਕਰਾਇਆ?
ਕੱਲ੍ਹ ਦੀ ਬਾਕੀ ਤੇ
ਅੱਜ ਦਾ ਸਾਇਆ।

ਅੱਜ ਤਾ ਮੈਂ ਹੁਸਨ ਹਾਂ
ਕੱਲ੍ਹ ਨਫ਼ਰਤ ਸਾਂ
ਹੁਸਨ ਤੇ ਨਫ਼ਰਤ ਨੇ
ਪਰਦਾ ਕਿੰਝ ਪਾਇਆ
ਸਮਝ ਨਾ ਆਇਆ।

ਕੱਲ੍ਹ ਨਫ਼ਰਤ ਸੰਗ ਖੇਡ ਸੀ
ਅੱਜ ਹੁਸਨ ਸੰਗ ਪਿਆਰ ਹੈ
ਕੱਲ੍ਹ ਦਿਲ ਨਾ ਮੁਰਾਦ ਸੀ
ਅੱਜ ਦਿਲ ਨੌਂ-ਬਹਾਰ ਹੈ
ਕੱਲ੍ਹ ਤੋਂ ਅੱਜ
ਅੱਜ ਤੋਂ ਕੱਲ੍ਹ
ਨਿੱਤ ਬਦਲਣਾ ਚਾਹਿਆ
ਕੱਲ੍ਹ ਦੀ ਬਾਕੀ ਤੇ
ਮੁੜ ਅੱਜ ਦਾ ਸਾਇਆ।

94170-86267

*



# ਸੰਸਾਰ

(ਹਰਚੰਦ ਸਿੰਘ ਗਿੱਲ)

ਅੱਬੜ੍ਹ-ਬਾਹੇ ਮੈਂ ਅੱਧੀ ਰਾਤੀਂ,
ਜਾਗ ਉੱਠਿਆ ਸੁਣ ਚੀਕ ਪੁਕਾਰ।
ਬਿਨ ਪਗੜੀ ਤੇ ਬਿਨ ਜੁੱਤੀ,
ਝੱਟ ਹੀ ਆਇਆ ਘਰ ਤੋਂ ਬਾਹਰ।
ਹੌਲੀ-ਹੌਲੀ ਪੋਲੇ ਪੱਬੀਂ ਓਧਰ ਤੁਰਿਆ,
ਮੱਚ ਰਹੀ ਜਿੱਧਰ ਹਾ ਹਾ ਕਾਰ।
ਇਸ ਵਿਚ ਤੇਰਾ ਕੀ ਸੀ ਘਟਣਾ,
ਜੇ ਜੰਮਣੋਂ ਪਹਿਲਾਂ ਦਿੰਦੀ ਮਾਰ।
ਕਿੰਝ ਪਾਲੂ, ਕਿੰਝ ਪੜ੍ਹਾਊ, ਕਿੰਝ ਵਿਆਹੂ,
ਪਹਿਲਾਂ ਹੀ ਪੁੱਤ ਫਿਰੇ ਬੇਕਾਰ।
ਦੋ ਬਲਾਵਾਂ ਪਹਿਲਾਂ ਜੰਮ-ਧਰੀਆਂ,
ਕਿਵੇਂ ਉਠਾਊ ਤੀਜਾ ਭਾਰ।
ਰੋਕ ਸਿਸਕੀਆਂ ਆਖਰ ਨੂੰਹ ਬੋਲੀ,
ਮੈਂ ਕਿੱਦਾਂ ਦੇਵਾਂ ਆਂਦਰ ਮਾਰ।
ਗੁਰਬਤ ਵਿਚ ਮੈਂ ਸਮਾਂ ਲੰਘਾ ਲਊ,
ਧੀ ਮੇਰੀ ਵੇਖੇ ਸੰਸਾਰ।

*

## ਤਹਿਜ਼ੀਬ

ਖ਼ੁਦ ਜੋ ਬੈਠਾ ਹੈ ਬੰਬਾਂ ਦੇ ਢੇਰ ’ਤੇ,
ਕਿਸੇ ਦੀ ਆਤਸ਼ਬਾਜੀ ਦਾ ਕਿਉਂ ਡਰ ਹੋ ਰਿਹਾ।
ਰੱਬੋਂ ਮਿਲੀ ਦਾਤ ਦਾ ਸੁਖ ਕੋਈ ਭੋਗਦਾ,
ਨਫ਼ਰਤਾਂ ਦਾ ਖ਼ੂਨ ਕਿਉਂ ਉਹ ਨੈਣੀ ’ਚੋਂ ਰਿਹਾ।
ਮਲ੍ਹਿਆਂ ਤੋਂ ਹੁੰਦੀ ਆਸ ਫ਼ੁੱਲਾਂ ਦੀ ਕਦੋਂ,
ਬੁਸ਼ ਆਖ਼ਰ ਬੁਸ਼ ਹੀ ਤਾਂ ਹੋ ਰਿਹਾ।
ਕੌਣ ਭਲਾ ਭੁਲਿਐ ਤਹਿਜ਼ੀਬ ਉਸ ਦੀ,
ਮਨੁੱਖ ਦੇ ਨਾਲ ਅੱਜ ਵੀ ਹੈ ਫ਼ਰਕ ਹੋ ਰਿਹਾ।
ਆਪਣੀ ਹੈਂਕੜ ਪੁਗਾਉਂਦਾ ਹਰ ਜਗ੍ਹਾ,
ਹੱਕ ਦੇ ਲਈ ਹੱਕ ਦੀ ਝੂਠੀ ਚੱਕੀ ਹੈ ਝੋ ਰਿਹਾ।
ਹੀਰੋਸ਼ੀਮਾ ਨਾਗਾਸਾਕੀ ਵਾਂਗ ਫਿਰ,
ਨਿਹੱਥਿਆਂ ਤੇ ਅੱਜ ਵੀ ਬਾਰੂਦ ਜੋਹ ਰਿਹਾ।
ਮਾਨਵੀ ਅਸੂਲ ਛਿੱਕੇ ਟੰਗ ਕੇ,
ਹੈ ਅਮਨਾਂ ਦੀ ਆੜ ਹੇਠ ਕੰਡੇ ਬੋ ਰਿਹਾ।
ਸਿਰ ਜੇ ਕੋਈ ਚੁੱਕਦਾ ਖੇੜੇ ਲਈ,
ਮਾਨਵੀ ਰੀਝਾਂ ਦੇ ਸਮਿਆਂ ਨੂੰ ਖੋਹ ਰਿਹਾ।

*

## ਲਾਚਾਰ

ਕੁਝ ਨਹੀਂ ਵਿਗੜਿਆ ਤੇਰਾ।
ਕੁਝ ਵੀ ਰਿਹਾ ਨਹੀਂ ਮੇਰਾ।
ਮੈਨੂੰ ਕਰਕੇ ਤੂੰ ਵੀਰਾਨ,
ਆਪ ਹੋ ਗਿਆ ਆਬਾਦ।
ਤੂੰ ਆਪਣੀ ਹੈਵਾਨੀਅਤ ਦੀ,
ਅੱਜ ਹਿਰਸ ਪੂਰੀ ਕਰ ਲਈ।
ਦਿਲ ਉੱਤੇ ਰੱਖ ਪੱਥਰ,
ਮੈਂ ਨਮੋਸ਼ੀ ਜਰ ਲਈ।
ਨਾ ਰਾਸ ਆਈ ਮੈਨੂੰ ਤੇਰੀ ਵਫ਼ਾ,
ਅੱਖਾਂ ਦੇ ਉੱਤੇ ਮੈਂ ਤਾਂ ਪੱਟੀ ਬੰਨ੍ਹ ਲਈ।
ਪਿਰਤਾਂ ਜੋ ਪਾਈਆਂ ਸੀ ਅਸਾਂ,
ਅੱਜ ਹੋ ਰਹੀਆਂ ਨੇ ਤਾਰ ਤਾਰ।
ਭੋਲੇਪਣ ਨੂੰ ਰੋਲ਼ ਕੁਰਾਹੇ,
ਦਿਖਾਇਆ ਤੂੰ ਆਪਣਾ ਕਿਰਦਾਰ।
ਬਾਬੇ ਨਾਨਕ ਦਿੱਤਾ ਹੈ ਸੀ,
ਉੱਚਾ-ਸੁੱਚਾ ਇਹ ਵਿਚਾਰ।
ਮਾਵਾਂ ਧੀਆਂ ਭੈਣਾਂ ਜਾਣ,
ਹੋ ਚੁੱਕਿਆ ਹੈ ਅੱਜ ਲਾਚਾਰ।

*

## ਗੀਤ

ਤੇਰੇ ਬਿਨਾਂ ਲੱਗਦਾ ਏ ਹਰ ਕੋਈ ਗੈਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

ਸਾਡੇ ਹੱਥ ਦੇਖਦੇ ਨੇ, ਜਦ ਖਾਲ਼ੀ ਕਾਸਾ।
ਉਹ ਸਾਡੇ ਉੱਤੇ ਹੱਸ ਹੱਸ ਵੱਟ ਲੈਣ ਪਾਸਾ।
ਮਿਲਦੀ ਨਾ ਏਥੇ ਸਾਨੂੰ, ਪਿਆਰ ਵਾਲੀ ਖ਼ੈਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

ਦਿਨ ਕੱਟਦੇ ਹਾਂ ਅਸੀਂ ਵਾਂਗ ਸੌਦਾਈਆਂ।
ਤੇਰੀਆਂ ਪ੍ਰੀਤਾਂ ਸਾਨੂੰ ਰਾਸ ਨਹੀਓਂ ਆਈਆਂ।
ਖਾਣਾ ਪੀਣਾ ਲੱਗਦਾ ਏ ਸਾਨੂੰ ਹੁਣ ਜ਼ਹਿਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

ਤੇਰੇ ਬਿਨਾਂ ਪੁੱਛਦਾ ਨਾ ਸਾਡੀ ਕੋਈ ਬਾਤ ਵੇ।
ਗ਼ਮਾਂ ਦੇ ਨਾਸੂਰ ਝੱਲ ਪਈ ਰਹਿੰਦੀ ਰਾਤ ਵੇ।
ਹੋਇਆ ਏ ਮੁਹਾਲ ਜੀਣਾ ਤੇਰੇ ਤੋਂ ਬਗੈਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

ਤੇਰੇ ਪਿਛੇ ਅਸਾਂ ਖ਼ਾਕ, ਗਲੀਆਂ ਦੀ ਛਾਣੀ ਵੇ।
ਮੰਗਿਆਂ ਵੀ ਸਾਨੂੰ ਏਥੇ, ਮਿਲਦਾ ਨਾ ਪਾਣੀ ਵੇ।
ਹਰ ਕੋਈ ਰੱਖਦਾ ਏ, ਸਾਡੇ ਨਾਲ ਵੈਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

ਅਸੀਂ ਪਲ ਛਿਣ ਕੱਟਿਆ ਏ ਤੇਰੇ ਭਰਵਾਸੇ।
ਤੇਰੇ ਹੀ ਵਿਯੋਗ ਸਾਡੇ ਖੋਹ ਲਏ ਨੇ ਹਾਸੇ।
ਤੇਰਾ ਕੀ ਇਹ ਸ਼ਹਿਰ ਜਿੱਥੇ ਵਸਦਾ ਏ ਕਹਿਰ।
ਸੱਜਣਾ ਵੇ ਅਸਾਂ ਨਹੀਓਂ ਰਹਿਣਾ ਤੇਰੇ ਸ਼ਹਿਰ।

97815-76657

*

# ਜੇ ਨਾਲ ਤੁਰੇਂ ਤੂੰ ਮੇਰੇ



(ਪਰਵਾਨਾ ਪੁੜੈਣ)

ਜੇ ਨਾਲ ਤੁਰੇਂ ਤੂੰ ਮੇਰੇ
ਮੁੱਕ ਜਾਵਣ ਪੰਧ ਲੰਮੇਰੇ
ਜੇਕਰ ਤੂੰ ਤੁਰੇਂ
ਤਾਂ ਸਾਰੀ ਕਾਇਨਾਤ ਤੁਰੇਗੀ
ਤਾਰੇ ਲੈ ਕੇ ਰਾਤ ਤੁਰੇਗੀ
ਇਕ ਨਵੀਂ ਤਾਲ ਦੇਣਗੇ
ਕਦਮ ਮੇਰੇ ਤੇ ਤੇਰੇ
ਰਾਹ ਦੀ ਹਰ ਠੋਹਕਰ
ਛੋਹ ਪੈਰਾਂ ਦੀ ਨਾਲ ਜਗੇਗੀ
ਮੁੱਖ ਤੇਰੇ ਦਾ ਚਾਨਣ
ਰਾਤਾਂ ਨੂੰ ਵੀ ਚੜ੍ਹਨ ਸਵੇਰੇ
ਜੇ ਨਾਲ ਤੁਰੇਂ ਤੂੰ ਮੇਰੇ
ਛੋਟੀ ਹੋ ਜਾਵੇ ਲੰਮੀ ਕੋਹ
ਤੇ ਮੰਜ਼ਿਲ ਹੋਵੇ ਨੇੜੇ
ਕਦਮਾਂ ਦੀ ਆਹਟ ਸੰਗ
ਕੋਈ ਬਾਤ ਚਲੇਗੀ
ਕੋਈ ਗੀਤ ਛਿੜੇਗਾ
ਤੇ ਚਾਨਣ ਰਹਿਮਤ ਦਾ
ਫਿਰ ਹੋਵਣ ਦੂਰ ਹਨ੍ਹੇਰੇ
ਜੇ ਨਾਲ ਤੁਰੇਂ ਤੂੰ ਮੇਰੇ
ਮੁੱਕ ਜਾਵਣ ਪੰਧ ਲੰਮੇਰੇ।

*

## ਚੰਗਾ ਹੋਇਆ ਤੂੰ ਫਿਰ ਨਹੀਂ ਮਿਲੀ

ਚੰਗਾ ਹੋਇਆ
ਤੂੰ ਫਿਰ ਨਹੀਂ ਮਿਲੀ
ਬਦਲੀ ਨਹੀਂ
ਸਾਡੇ ਰਿਸ਼ਤੇ ਦੀ ਪ੍ਰੀਭਾਸ਼ਾ
ਪਾਕ ਮੁਹੱਬਤ ਦਾ ਰਿਸ਼ਤਾ
ਸਾਬਤ ਕਦਮ ਰਿਹਾ
ਜੇ ਕਰ ਤੂੰ
ਮੁੜ ਮਿਲ ਪੈਂਦੀ
ਤਿੜਕ ਜਾਣੇ ਸਨ ਇਹ ਰਿਸ਼ਤੇ
ਪਿਆਰ ਸਾਡੇ ਨੂੰ
ਤੋਹਮਤ ਨੇ ਡੰਗਣਾ ਸੀ
ਰੱਬ ਜਿਹਾ ਅਕੀਦਾ
ਜੀਵਨ-ਸਾਥਣ ਨੂੰ
ਮੈਲਾ ਲੱਗਣਾ ਸੀ
ਰਹਿੰਦਾ ਪੰਧ ਉਮਰ ਦਾ
ਪਛਤਾਵੇ ਦੇ
ਸਾਏ ਹੇਠਾਂ ਲੰਘਣਾ ਸੀ
ਮੇਰੀਆਂ ਸ਼ਾਮਾਂ ਦੇ ਸੂਰਜ ਨੇ
ਹਰ ਮੋੜ 'ਤੇ ਸੰਗਣਾ ਸੀ
ਚੰਗਾ ਹੋਇਆ ਤੂੰ ਫਿਰ ਨਹੀਂ ਮਿਲੀ

ਮੁੜ ਵਸਲ ਤੇਰਾ
ਜੇ ਹੋ ਜਾਂਦਾ
ਉਡੀਕ ਦੇ ਸ਼ੋਖ ਰੰਗਾਂ ਨੇ
ਫਿੱਕੇ ਪੈ ਜਾਣਾ ਸੀ
ਰੂਹ ਦੇ ਰਿਸ਼ਤੇ ਨੇ
ਦਾਗੀ ਹੋ ਜਾਣਾ ਸੀ
ਯਾਦਾਂ ਦੇ ਸੁਪਨਿਆਂ ਨੇ
ਬਾਗੀ ਹੋ ਜਾਣਾ ਸੀ
ਰਹਿੰਦੇ ਉਮਰ ਦੇ
ਸੰਦਲੀ ਪੈਂਡੇ ਨੇ

ਵਸਲ-ਗਾਹ 'ਤੇ ਹੀ
ਮੁੱਕ ਜਾਣਾ ਸੀ
ਸਾਹਾਂ ਦੇ ਸਫਰ ਨੇ
ਅੱਧਵਾਟੇ ਹੀ
ਰੁਕ ਜਾਣਾ ਸੀ
ਸ਼ੁਕਰ ਖੁਦਾ ਦਾ
ਤੇਰਾ ਇਸ਼ਕ ਸਲਾਮਤ ਹੈ
ਮੇਰਾ ਸਿਦਕ ਸਲਾਮਤ ਹੈ
ਤਾਂਹੀ ਤਾਂ
ਆਪੋ ਆਪਣੇ ਮੱਥਿਆਂ ਦੇ ਵਿਚ
ਯਾਦਾਂ ਦੇ ਦੀਪ ਜਗਾਈ ਬੈਠੇ ਹਾਂ
ਇਸ ਨਾਜ਼ੁਕ ਰਿਸ਼ਤੇ ਨੂੰ
ਇਸ ਉਮਰੇ ਵੀ
ਦਿਲ ਨਾਲ ਲਾਈ ਬੈਠੇ ਹਾਂ
ਚੰਗਾ ਹੋਇਆ ਤੂੰ
ਫਿਰ ਨਹੀਂ ਮਿਲੀ।

*

## ਅਸੀਂ ਦਰਦ ਵਿਹਾਜਣ ਆਏ

ਅਸੀਂ ਹਾਂ
ਮੁੱਹਬਤ ਦੇ ਵਣਜਾਰੇ
ਸ਼ਹਿਰ ਤੇਰੇ
ਦਰਦ ਵਿਹਾਜਣ ਆਏ
ਦਰਦਾਂ ਦਾ ਅਸੀਂ ਵਣਜ ਕਰੇਂਦੇ
ਗੀਤਾਂ ਦਾ ਗੁਲਦਸਤਾ
ਅਸੀਂ ਨਾਲ ਲਿਆਏ
ਜਿਥੇ ਵੀ
ਨੈਣਾਂ 'ਚੋਂ ਹੰਝੂ ਕਿਰਦੇ
ਉਥੇ ਹੀ
ਆਪਣਾ ਕਾਸਾ ਅੱਗੇ ਕਰਦੇ
ਅਸੀਂ ਸ਼ਹਿਰ ਤੁਸਾਂ ਦੇ
ਪੀੜਾਂ ਪੀਵਣ ਆਏ

ਹਰ ਸੋਗੀ ਬੂਹੇ 'ਤੇ
ਦੱਸਤਕ ਦੇਈਏ
ਹਰ ਦਰ ਤੋਂ ਪੁਛੀਏ
ਕਿਸਮਤ ਨੇ ਖੋਹੇ
ਕਿਹਦੇ ਕਿਹਦੇ ਹਾਸੇ
ਕਿਹਦੀ ਅੱਖ ਦਾ ਨੂਰ ਗੁਆਚਾ
ਕਿਸ ਅੰਮੜੀ-ਬਾਬਲ ਦਾ
ਵਿਹੜਾ ਸੱਖਣਾ ਕਰਿਆ
ਕਿਸ ਕਰਮਾ ਮਾਰੀ ਦਾ
ਸੰਧੂਰ ਸੱਜਰਾ ਸੜਿਆ
ਕਿਹਦੇ ਹਥੋਂ ਰੱਖੜੀ ਡਿੱਗੀ
ਕਿਸਦਾ ਵੀਰਾ
ਚੁੱਪ ਚੁਪੀਤਾ ਤੁਰਿਆ
ਕਿਸਦੇ ਦਿਲ 'ਤੇ
ਸਿਤਮ ਦੀ ਬਿਜਲੀ
ਸੁੱਕੇ ਅੰਬਰ ਡਿੱਗੀ
ਅਸੀਂ ਵੀ

ਉਹੀ ਘਰ ਲੱਭਣ ਆਏ
ਮੁਹੱਬਤ ਦੀ ਮੱਲ੍ਹਮ
ਗੀਤਾਂ ਦੇ ਬੋਲ ਅਸੀਂ
ਆਪਣੇ ਨਾਲ ਲਿਆਏ
ਅਸੀਂ ਮੁਹੱਬਤ ਦੇ ਵਣਜਾਰੇ
ਸ਼ਹਿਰ ਤੇਰੇ
ਦਰਦ ਵਿਹਾਜਣ ਆਏ!

98556-00398

*



## ਗੀਤ

(ਬਲਵੰਤ ਸਿੰਘ ਮੁਸਾਫ਼ਿਰ)

ਆ ਕੁੱਲੀ ਵੱਖਰੀ ਪਾ ਲਈਏ।
ਕੀ ਲੈਣੈਂ ਪੱਕੀਆਂ ਕੈਦਾਂ ਤੋਂ,
ਕੱਖਾਂ ਦਾ ਸੁਰਗ ਬਣਾ ਲਈਏ।
ਆ ਕੁੱਲੀ ਵੱਖਰੀ ਪਾ ਲਈਏ।

ਕਲੀਆਂ ਤੇ ਗੁਲਸ਼ਨ ਰੋਂਦੇ ਨੇ।
ਬੁਲਬੁਲ ਦੇ ਹੰਝੂ ਚੋਂਦੇ ਨੇ।
ਅਹੁ ਕੋਇਲ ਛਲ ਵਿਚ ਛਲੀ ਗਈ,
ਸੁਣ ਕੂਕਾਂ ਸਾਹ ਖਲੋਂਦੇ ਨੇ।
ਸਭ ਝੂਠੀ ਪ੍ਰੀਤ ਕਹਾਣੀ ਏ,
ਦਿਲ ਏਥੇ ਨਾ ਭਰਮਾ ਲਈਏ।
ਆ ਕੁੱਲੀ ਵੱਖਰੀ ਪਾ ਲਈਏ।

ਲੱਕ ਤੋੜ ਮਜੂਰੀ ਕਰਦਾ ਏ।
ਗਾਲ੍ਹਾਂ ਤੇ ਝਿੜਕਾਂ ਜਰਦਾ ਏ।
ਫਿਰ ਪੂਰੀ ਮਿਹਨਤ ਮਿਲਦੀ ਨਾ,
ਵੱਖ ਟੱਬਰ ਭੁੱਖਾ ਮਰਦਾ ਏ,
ਨਾ ਦਰਦ ਕਿਸੇ ਨੂੰ ਦੁਖੀਆਂ ਦਾ,
ਦੁੱਖ ਦਿਲ ਦੇ ਵਿਚ ਛੁਪਾ ਲਈਏ,
ਆ ਕੁੱਲੀ ਵੱਖਰੀ ਪਾ ਲਈਏ।

ਸੱਚੇ ਨੇ ਫਾਂਸੀ ਲੱਗ ਜਾਂਦੇ।
ਝੂਠੇ ਦੇ ਦੀਵੇ ਜਗ ਜਾਂਦੇ।
ਕਾਨੂੰਨ ਨਹੀਂ ਇਨਸਾਫ਼ ਨਹੀਂ,
ਵਿਕ ਪੈਸੇ ਦੇ ਹੱਥ ਜੱਜ ਜਾਂਦੇ,
ਨਿਰਧਨ ਨੂੰ ਕੋਈ ਸਹਾਰਾ ਨਹੀਂ,
ਆ ਕੋਈ ਜੁਗਤ ਬਣਾ ਲਈਏ,
ਆ ਕੁੱਲੀ ਵੱਖਰੀ ਪਾ ਲਈਏ।

ਛੱਡ ਝੂਠੀ ਏਸ ਕਹਾਣੀ ਨੂੰ,
ਤੇ ਚੌਧਰ ਖਸਮਾਂ ਖਾਣੀ ਨੂੰ।
ਜਿਸ ਅੰਦਰ ਮਨ ਨੂੰ ਸ਼ਾਂਤ ਨਹੀਂ,
ਛੱਡ ਮੰਦਰ ਮਸੀਤ ਪੁਰਾਣੀ ਨੂੰ।
ਇਸ ਪਿਆਰ ਬਸੰਤੀ ਜੀਵਨ ਲਈ,
ਪਿਆਰਾਂ ਦੇ ਫੁੱਲ ਖਿੜਾ ਲਈਏ,
ਆ ਕੁੱਲੀ ਵੱਖਰੀ ਪਾ ਲਈਏ।

*

## ਗੀਤ

ਨੀ ਭਾਬੀ ਬਾਹਰ ਇਕ ਜੋਗੀ ਆਇਆ।
ਕੰਨਾਂ ਦੇ ਵਿਚ ਮੁੰਦਰਾਂ ਪਾਈਆਂ।
ਕਾਲ਼ੇ ਨਾਗ ਲਿਟਾਂ ਲਮਕਾਈਆਂ।
ਗਲ਼ ਵਿਚ ਮਾਲ਼ਾ ਹਰ-ਹਰ ਗਾਉਂਦੀ,
ਮੱਥੇ ਤਿਲਕ ਲਗਾਇਆ।
ਨੀ ਇਕ ਜੋਗੀ ਆਇਆ।

ਅੱਖਾਂ ਵਿਚ ਖੁਮਾਰੀ ਅੜੀਏ।
ਤਿੱਖੀ ਨਜ਼ਰ ਕਟਾਰੀ ਅੜੀਏ।
ਨੂਰ ਇਲਾਹੀ ਦੇਖ ਭਾਬੀਏ,
ਰੋਮ-ਰੋਮ ਨਸ਼ਿਆਇਆ।
ਨੀ ਇਕ ਜੋਗੀ ਆਇਆ।

ਬੂਹੇ ਵਿਚ ਖਲੋ ਕੇ ਤੱਕਿਆ।
ਨੀ ਮੇਰਾ ਦਿਲ ਰੁਕ ਨਾ ਸਕਿਆ।
ਵਾਲ਼ਾਂ ਦੇ ਛੱਲਿਆਂ ਵਿਚ ਹਾਏ।
ਮੈਨੂੰ ਓਸ ਫਸਾਇਆ।
ਨੀ ਇਕ ਜੋਗੀ ਆਇਆ।

ਨੀ ਖੌਰੇ ਚੰਨ ਉੱਤਰ ਆਇਆ।
ਜਾਂ ਫਿਰ ਇੰਦਰ ਫੇਰਾ ਪਾਇਆ।
ਪੌਣ ਸੁਗੰਧੀ ਰੁਮਕੀ ਉਸ ਤੋਂ,
ਭੌਰਿਆਂ ਝੁਰਮਟ ਪਾਇਆ।
ਨੀ ਇਕ ਜੋਗੀ ਆਇਆ।

ਆ ਨੀ ਆ ਉਠ 'ਲਾਜ ਕਰਾ ਲੈ।
ਜੋਗੀ ਤੋਂ ਕੋਈ ਪੁੱਛ ਪੁਆ ਲੈ।
ਨੀ ਜੋਗੀ ਨੀ ਜੋਗੀ ਭਾਬੀ,
ਮੇਰਾ ਦਿਲ ਮਚਲਾਇਆ
ਨੀ ਇਕ ਜੋਗੀ ਆਇਆ।
ਨੀ ਭਾਬੀ, ਬਾਹਰ ਇਕ ਜੋਗੀ ਆਇਆ।

*

# ਬੂੰਦ

ਮੈਂ ਇਕ ਬੂੰਦ
ਤਰਿਹਾਈ।
ਕਿੱਥੋਂ ਆਈ
ਕਿਤ ਵੱਲ ਜਾਣਾ
ਖ਼ਬਰ ਨਾ ਮੈਨੂੰ ਕਾਈ।

ਪੌਣਾਂ ਦੇ ਸੰਗ
ਤਪਦੀ
ਠਰਦੀ
ਅੰਬਰ ਅੰਬਰ
ਤਰਦੀ ਤਰਦੀ
ਪਲ-ਪਲ ਖੁਰਦੀ
ਆਹਾਂ ਭਰਦੀ
ਕੇਹੀ ਸਿੱਕ
ਵਸਲ ਦੀ ਲੈ ਕੇ
ਭਟਕਣ ਸੰਗ
ਪਰਣਾਈ।
ਮੈਂ ਇਕ ਬੂੰਦ
ਤਰਿਹਾਈ।

*

## ਕਵਿਤਾ

ਸਾਹਾਂ ਦੇ ਸੰਗ
ਕਸਕ ਜਿਹੀ ਇਕ
ਅੰਦਰ ਖੰਭ ਫੜਕਾਉਂਦੀ ਐ।

ਦਿਹੁੰ ਦੇ ਪੈਰੀਂ
ਪੈਂਡੇ ਘੁੰਮਦੀ।
ਰਾਤਾਂ-ਅੱਖੀਂ
ਸ਼ਬਨਮ ਡੁੱਲ੍ਹਦੀ।
ਇਕ ਪਲ ਜਿਉਂਦੀ
ਇਕ ਪਲ ਮਰਦੀ।

ਮੈਂ ਵਿਚ ਰਹਿੰਦੀ
ਮੈਂ ਤੋਂ ਡਰਦੀ
ਆਪੇ ਦੇ ਆਪੇ
ਗਲ਼ ਲੱਗ ਕੇ
ਰੁੱਸਦੀ ਕਦੇ ਮਨਾਉਂਦੀ ਐ।
ਸਾਹਾਂ ਦੇ ਸੰਗ
ਕਸਕ ਜਿਹੀ ਇਕ
ਅੰਦਰ ਖੰਭ ਫੜਕਾਉਂਦੀ ਐ।

98149-17679

*

## ਸੱਚੋ ਸੱਚ



(ਹਰਬੰਸ ਸਿੰਘ 'ਅਖਾੜਾ')

ਕਾਮਯਾਬੀਆਂ ਸੁਨੇਹੇ ਨਿੱਤ ਬੂਹੇ ਉਤੇ ਦੇਣ,
ਯਾਰੀ ਲਾਈ ਜਿਨ੍ਹਾਂ ਚੰਨਾਂ ਤੇ ਸਿਤਾਰਿਆਂ ਦੇ ਨਾਲ।

ਬਾਹੂ ਬਲ ਦੇ ਸਹਾਰੇ, ਜਿਨ੍ਹਾਂ ਚੱਪੂ ਸੀ ਉਠਾਏ,
ਉਨ੍ਹਾਂ ਆ ਲਾਈ ਕਿਸ਼ਤੀ ਕਿਨਾਰਿਆਂ ਦੇ ਨਾਲ।

ਜਿਹੜੇ ਡੋਲ੍ਹਦੇ ਪਸੀਨਾ, ਫਲ਼ ਉਨ੍ਹਾਂ ਦੇ ਨਸੀਬੀਂ,
ਰੁੱਸ ਜਾਵੇ ਰੱਬ ਹਿੰਮਤਹਾਰਿਆਂ ਦੇ ਨਾਲ।

ਰਾਜੇ, ਕੁੱਤੇ ਤੇ ਕਸਾਈ, ਜਦੋਂ ਬਾਬੇ ਕਿਹਾ ਬੋਲ,
ਉਦੋਂ ਕੁੱਲੀ ਟਕਰਾਈ, ਜਾ ਮੁਨਾਰਿਆਂ ਦੇ ਨਾਲ।

ਜਿਨ੍ਹਾਂ ਹੌਂਸਲੇ ਵਿਖਾਏ, ਸੀਸ ਤਲੀ 'ਤੇ ਟਿਕਾਏ,
ਸਾਡੀ ਸਾਂਝ ਉਨ੍ਹਾਂ ਪੰਜਾਂ ਹੀ, ਪਿਆਰਿਆਂ ਦੇ ਨਾਲ।

ਮੁੱਢੋਂ ਹੀ ਫ਼ਰੇਬ ਕੀਤਾ, ਹਾਕਮਾਂ ਨੇ ਨਾਲ ਸਾਡੇ,
ਅਸੀਂ ਗਏ ਚਿਰਵਾਏ ਤਿੱਖੇ ਆਰਿਆਂ ਦੇ ਨਾਲ।

ਬੰਦ-ਬੰਦ ਕਟਵਾ, ਜਿਹੜੇ ਸਦਾ ਹੀ ਅਡੋਲ ਰਹੇ,
ਸੀਸ ਤਲੀ ਰੱਖ ਲੜੇ, ਹਤਿਆਰਿਆਂ ਦੇ ਨਾਲ।

ਜ਼ੁਲਮ ਸਿਤਮ ਦੀ ਕਹਾਣੀ, ਜਦੋਂ ਨੀਹਾਂ ਨੇ ਸੁਣਾਈ,
ਕੰਧਾਂ ਧਾਹਾਂ ਮਾਰ ਹੋਈਆਂ ਸੀ ਚੁਬਾਰਿਆਂ ਦੇ ਨਾਲ।

ਸੱਥਰ ਯਾਰ ਦਾ ਵਿਛਾਇਆ, ਪਸ਼ਮੀਨੇ ਛੱਡ ਖੇੜਿਆਂ ਦੇ,
ਘੱਟ ਹੋਇਆ ਉਹਦਾ ਤੇਜ ਨਾ, ਲੰਗਾਰਿਆਂ ਦੇ ਨਾਲ।

ਜਿਹੜੇ ਚੜ੍ਹ ਗਏ ਨੇ ਸੂਲੀ, ਰੱਸੇ ਫਾਂਸੀਆਂ ਦੇ ਚੁੰਮ,
ਯਾਦ ਕਰਦੇ 'ਅਖਾੜੇ', ਨੇ ਜੈਕਾਰਿਆਂ ਦੇ ਨਾਲ।

*

## ਚਰਖਾ ਚੰਨਣ ਦਾ

ਚਰਖਾ ਚੰਨਣ ਦਾ ਮੇਰਾ ਵੀਰ ਲਿਆਇਆ ਨੀ।
ਪੂਣੀਆਂ ਕੱਤ-ਕੱਤ ਕੇ ਮੈਂ ਸੂਤ ਬਣਾਇਆ ਨੀ।

ਚਰਖਾ ਚੰਨਣ ਦਾ ਮੈਂ ਕੱਤੇ ਗੋਹੜੇ ਨੀ।
ਮਾਵਾਂ ਧੀਆਂ ਦੇ ਪੈ ਗਏ ਵਿਛੋੜੇ ਨੀ।

ਚਰਖਾ ਚੰਨਣ ਦਾ ਇਹਦੀ ਗੂੰਜ ਸਤਾ ਜਾਵੇ।
ਸਹੁਰੀਂ ਬੈਠੀ ਨੂੰ ਮਾਂ ਚੇਤੇ ਆ ਜਾਵੇ।

ਚਰਖਾ ਚੰਨਣ ਦਾ ਅੰਬੀ ਹੇਠਾਂ ਕੱਤਾਂ ਨੀ।
ਪੱਲੇ ਬੰਨ੍ਹ ਲਈਆਂ ਮਾਏ ਤੇਰੀਆਂ ਮੱਤਾਂ ਨੀ।

ਚਰਖਾ ਚੰਨਣ ਦਾ ਸੁਹਾਗ ਪਟਾਰੀ ਵੇ।
ਬਾਬਲ ਘਰ ਤੇਰੇ ਮੇਰੀ ਸੀ ਸਰਦਾਰੀ ਵੇ।

ਚਰਖਾ ਚੰਨਣ ਦਾ ਤੇ ਤੀਆਂ ਸਾਉਣ ਦੀਆਂ।
ਸਹੁਰੇ ਬੈਠੀ ਨੂੰ ਮਾਂ ਯਾਦਾਂ ਆਉਣਗੀਆਂ।

ਚਰਖਾ ਚੰਨਣ ਦਾ ਯੁੱਗਾਂ ਤੱਕ ਚੱਲੇ ਵੇ।
ਵੀਰ ਘਰ ਪੁੱਤ ਜੰਮਿਆ ਹੋਏ ਭਾਗ ਸਵੱਲੇ ਵੇ।

ਚਰਖਾ ਚੰਨਣ ਦਾ ਘਰ ਬਾਰ ਸਵਾਰੇ ਵੇ।
ਜਿਉਂਦਾ ਰਹਿ ਵੀਰਾ ਤੇਰੇ ਵਸਣ ਚੁਬਾਰੇ ਵੇ।

ਚਰਖਾ ਚੰਨਣ ਦਾ ਮੈਨੂੰ ਜਾਨ ਤੋਂ ਪਿਆਰਾ ਵੇ।
'ਅਖਾੜੇ' ਵਾਲੇ ਵੀਰਾ ਮੈਨੂੰ ਤੇਰਾ ਸਹਾਰਾ ਵੇ।

*

## ਭਗਤ ਸਿਆਂ ਵੀਰਾ

ਆ ਭਗਤ ਸਿਆਂ ਵੀਰਾ ਤੇਰਾ ਦੇਸ ਵਿਖਾਵਾਂ ਵੇ।
ਜਿਸ ਖਾਤਰ ਲਈਆਂ ਸੀ ਤੂੰ ਮੌਤ ਨਾ ਲਾਵਾਂ ਵੇ।
ਤੇਰੇ ਅਣਖੀ ਨਾਹਰੇ ਨੇ, ਇਨਕਲਾਬ ਪਿਆਰੇ ਨੇ।
ਜਾ ਗੋਰਾ ਢਾਹਿਆ ਸੀ, ਤੇਰੇ ਹੱਥ ਕਰਾਰੇ ਨੇ।
ਰਲ਼ ਗਦਰੀ ਸ਼ੇਰਾਂ ਨੇ ਤੇ ਬੱਬਰ ਦਲੇਰਾਂ ਨੇ।
ਆਂਦਾ ਯੁੱਗ ਕ੍ਰਾਂਤੀ ਦਾ, ਨਾ ਲਾਈਆਂ ਦੇਰਾਂ ਨੇ।
ਸੁਪਨੇ ਸ਼ਹੀਦਾਂ ਦੇ, ਦਿਲ ਵਿਚ ਮੁਰੀਦਾਂ ਦੇ।
ਕੱਫ਼ਨ ਵੀ ਮਿਲਦੇ ਨਾ, ਮੰਦੇ ਹਾਲ ਗਰੀਬਾਂ ਦੇ।
ਇਨ੍ਹਾਂ ਖਿਚ ਲਕੀਰਾਂ ਵੇ, ਕੀਤਾ ਭਾਰਤ ਲੀਰਾਂ ਵੇ।
ਹੱਥੀਂ ਗਾਟੇ ਲਾਹ ਸੁੱਟੇ, ਵੀਰਾਂ ਦੇ ਵੀਰਾਂ ਵੇ।
ਤੇਰੀ ਮਾਂ ਨੂੰ ਖਾ ਗਏ ਵੇ, ਉਹਦੀ ਛਾਂ ਨੂੰ ਖਾ ਗਏ ਵੇ।
ਇਹ ਜਾਏ ਗਿਰਗਿਟ ਦੇ, ਝੱਟ ਭੇਸ ਵਟਾ ਗਏ ਵੇ।
ਕੰਮ ਇਨ੍ਹਾਂ ਜੋਕਾਂ ਦਾ, ਲਹੂ ਪੀਣਾ ਲੋਕਾਂ ਦਾ।
ਕੋਈ ਇੱਕੜ-ਦੁੱਕੜ ਨਹੀਂ, ਹੈ ਧੰਦਾ ਥੋਕਾਂ ਦਾ।
ਪੀ ਰੱਤ ਗਰੀਬਾਂ ਦੀ, ਉਨ੍ਹਾਂ ਬਦਨਸੀਬਾਂ ਦੀ,
ਚੌਕਾਂ ਵਿਚ ਲਾਉਂਦੇ ਨੇ, ਮੰਡੀ ਰੋਜ਼ ਸਲੀਬਾਂ ਦੀ।
ਝੁੱਗੀਏ ਅੱਗ ਲਾ ਕੇ ਵੇ, ਬਹੁ-ਮੰਜ਼ਲੇ ਪਾ ਕੇ ਵੇ।
ਰਾਮ ਨੂੰ ਗਾਉਂਦੇ ਨੇ, ਅੱਲ੍ਹਾ ਨੂੰ ਢਾਹ ਕੇ ਵੇ।
ਔਹ ਲੜਕੀ ਵੀਰਾਂ ਵੇ, ਵਿਚ ਪਈ ਕਰੀਰਾਂ ਵੇ।
ਦਾਰਿੰਦਿਆਂ ਨੋਚ ਲਈ, ਤਨ ਕੀਤਾ ਲੀਰਾਂ ਵੇ।
ਆਹ ਲਾਸ਼ ਇਕ ਨੰਗੀ ਵੇ, ਕਿੱਕਰ 'ਤੇ ਟੰਗੀ ਵੇ।
ਕਰਜ਼ੇ ਨੇ ਘੁੱਟ ਲਈ, ਕਿਰਤੀ ਦੀ ਸੰਘੀ ਵੇ।
ਸੱਚ ਤੱਕੜੀ ਤੋਲਾਂ ਵੇ, ਮੈਂ ਝੂਠ ਨਾ ਬੋਲਾਂ ਵੇ।
ਸ਼ੇਰ ਦੀਆਂ ਮਾਰਾਂ ਤੇ, ਕਰੇ ਗਿੱਦੜ ਕਲੋਲਾਂ ਵੇ।
ਧਰਮਾਂ ਦੇ ਨਾਂ ਤੇ ਵੇ, ਕਰਮਾਂ ਦੇ ਨਾਂ ਤੇ ਵੇ।
ਕੁੱਝ ਠੱਗੀ ਜਾਂਦੇ ਨੇ, ਭਰਮਾਂ ਦੇ ਨਾ ਤੇ ਵੇ।
ਏਥੇ ਲੋਟੂ ਲਾਣੇ ਵੇ, ਖਸਮਾਂ ਨੂੰ ਖਾਣੇ ਵੇ।
ਪਾਏ ਸੱਜਣ ਠੱਗਾਂ ਨੇ, ਲਾਲੋ ਦੇ ਬਾਣੇ ਵੇ।
ਦੱਸ ਭਗਤ ਸਿਆਂ ਵੀਰਾ ਕੀ 'ਲਾਜ ਬਣਾਵਾਂ ਵੇ।
ਹਰ ਸ਼ਾਖ 'ਤੇ ਉਲੂ ਹੈ, ਕਿਵੇਂ ਚਮਨ ਬਚਾਵਾਂ ਵੇ।

## ਮਿਲਣ ਤਾਂਘ

ਤੇਰੇ ਬਿਨਾਂ ਨਾ ਸੌਣ ਲੰਘ ਜਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।
ਰਾਤ ਦਿਨੇ ਤੇਰੀ ਯਾਦ ਸਤਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।

ਚੜ੍ਹਦੀ ਘਟਾ ਨੂੰ ਵੇਖ ਘਟਦਾ ਏ ਦਿਲ ਵੇ।
ਵਾਸਤਾ ਖ਼ੁਦਾ ਦਾ ਮੈਨੂੰ ਛੇਤੀ ਆ ਕੇ ਮਿਲ ਵੇ।
ਨਾਗ ਜੁਲਫਾਂ ਦਾ ਮੈਨੂੰ ਡੰਗੀ ਜਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।

ਮੋਰ ਬਾਗਾਂ ਵਿਚ ਪਾਉਂਦੇ ਨਿੱਤ ਸ਼ੋਰ ਵੇ।
ਘਟਾਂ ਕਾਲੀਆਂ ਡਰਾਇਆ ਚਿੱਤ ਹੋਰ ਵੇ।
ਸ਼ੀਸ਼ੇ ਅੱਗੇ ਜਾ ਖਲੋਵਾਂ ਸੰਗ ਆਵੇ,
ਵੇ ਛੇਤੀ ਛੇਤੀ ਆਜਾ ਹਾਣੀਆ।

ਜੇਠ ਤੇ ਜਿਠਾਣੀ ਨਿੱਤ ਕਰਦੇ ਕਲੋਲ ਵੇ।
ਜਾਣ ਨਾ ਸਹਾਰੇ ਮੈਥੋਂ ਬੋਲ ਤੇ ਕਬੋਲ ਵੇ।
ਐਵੇਂ ਜੇਠ ਨੂੰ ਬਣਾਉਟੀ ਖੰਘ ਆਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।

ਅੱਥਰਾ ਦਿਉਰ ਮੈਨੂੰ ਮਾਰੇ ਰੋਜ ਬੋਲੀਆਂ।
ਦੱਸ ਭਾਬੀ ਦੱਸ ਕਾਹਤੋਂ ਜੁਲਫਾਂ ਨੇ ਖੋਲ੍ਹੀਆਂ।
ਫੁੱਲ ਵਾਲਾਂ 'ਚ ਵਾਹੁੰਦੀ ਦੇ ਟੰਗ ਜਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।

ਸੌਣ 'ਚ ਸਹੇਲੀਆਂ ਦੇ ਆਏ ਸਾਰੇ ਢੋਲ ਵੇ।
ਦਿਲ ਦੀ ਸੁਣਾਵਾਂ ਚੰਨਾਂ ਹੋਵੇਂ ਮੇਰੇ ਕੋਲ ਵੇ।
ਬਿਰਹੋਂ ਤੇਰਾ ਵੇ ਸੂਲੀ 'ਤੇ ਟੰਗ ਜਾਵੇ,
ਵੇ ਛੇਤੀ-ਛੇਤੀ ਆ ਹਾਣੀਆ।

ਨਿੱਤ ਬੋਲਦੈ ਬਨੇਰੇ ਉੱਤੇ ਕਾਗ ਵੇ।
ਖੌਰੇ ਜਾਗ ਪੈਣ ਸੁੱਤੇ ਮੇਰੇ ਭਾਗ ਵੇ।
ਨਿੱਤ ਸੁਫਨੇ 'ਚ ਵੰਗ ਟੁੱਟ ਜਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।
ਤੇਰੇ ਬਿਨਾਂ ਨਾ ਸੌਣ ਲੰਘ ਜਾਵੇ,
ਵੇ ਛੇਤੀ-ਛੇਤੀ ਆਜਾ ਹਾਣੀਆ।

98555-15937

*

## ਜਾਦੂ

(ਅਵਤਾਰ ਜਗਰਾਉਂ)



ਚਲਦਾ ਨਹੀਂ ਓਥੇ ਕਿਸੇ ਸਰਕਾਰ ਦਾ ਜਾਦੂ।
ਜਿੱਥੇ ਸਿਰ ਤਲੀ ਟਿਕਦੈ ਕਿਸੇ ਦਸਤਾਰ ਦਾ ਜਾਦੂ।

ਸਿਹਰੀਆਂ ਦਾ ਸਿਹਰ ਓਦੋਂ ਫ਼ੇਲ ਹੋਇਆ ਸੀ,
ਸ਼ਰ੍ਹੇ ਬਾਜ਼ਾਰ ਚੱਲਿਆ ਸੀ ਫਤਹਿ ਦੀਵਾਰ ਦਾ ਜਾਦੂ।

ਹੁਸਨ ਦੇ ਤੌਰ ਨੂੰ ਕੋਈ ਸਮਝ ਨਹੀਂ ਸਕਿਆ,
ਬੜਾ ਪਿਆਰੇ ਤੇ ਛਮਕਾਂ ਮਾਰਦਾ ਜਾਦੂ।

ਜਦ ਕਿਸੇ ਬੰਦੇ ਨੂੰ ਜੀਵਨ ਦੀ ਸਮਝ ਆਵੇ,
ਤਖ਼ਤ ਤੋਂ ਤਖ਼ਤਾ ਕਰੇ ਤਲਵਾਰ ਦਾ ਜਾਦੂ।

ਸੰਸਾਰ ਦੇ ਅੰਦਰ ਜਦੋਂ ਵੀ ਜੰਗ ਛਿੜਦੀ ਹੈ,
ਅਰਥ ਸ਼ਬਦਾਂ ਤੇ ਤਦ ਵਿਚਾਰਦਾ ਜਾਦੂ।

ਸੱਚ ਪੜ੍ਹ ਕੇ ਹੀ ਅੰਤਮ ਫੈਸਲਾ ਲੈਂਦੈ,
ਨਾ ਹਾਂ ਕਰਦਾ ਹੈ ਤੇ ਨਾ ਸਿਰ ਮਾਰਦਾ ਜਾਦੂ।

ਮੰਨਿਆ ਕਿ ਗ਼ੁਫ਼ਤਗੂ ਵਿਚ ਬਹੁਤ ਕੁਝ ਹੁੰਦੈ,
ਹੈ ਫ਼ੈਸਲਾਕੁਨ ਅੱਖ ਦੀ ਗ਼ੁਫ਼ਤਾਰ ਦਾ ਜਾਦੂ।

ਛਿਨ 'ਚ ਹੀ ਹੈ ਬਦਲਦਾ ਕਿਰਦਾਰ ਬੰਦੇ ਦਾ,
ਕੀਲਦਾ ਟਕਸਾਲ ਦੀ ਟੁਣਕਾਰ ਦਾ ਜਾਦੂ।

*

## ਗੀਤ

ਤੋਤੇ ਰੰਗੀ ਪੱਗ ਬੰਨ੍ਹ ਕੇ,
ਕਿੱਥੇ ਚੱਲਿਐਂ ਗਭਰੂਆ ਦੱਸ ਵੇ।
ਚੀਕੂ ਚੀਕੂ ਜੁੱਤੀ ਚੀਕ ਦੀ,
ਲੜ ਚਾਦਰੇ ਦਾ ਨਾ ਹੋਵੇ ਤੇਰੇ ਵੱਸ ਵੇ।

ਸੋਹੇ ਕੈਠਾਂ ਕੰਨਾ ਦੇ ਵਿਚ ਨੱਤੀਆਂ,
ਪਾਈ ਉਗਲਾਂ 'ਚ ਫਿਰੇ ਛਾਪਾਂ ਛੱਲੇ।
ਡੌਲ਼ੇ ਤੈਂ ਤਬੀਤ ਬੰਨ੍ਹਿਆ,
ਜੋੜੀ ਬਾਹਾਂ 'ਚ ਤੇ ਘੋੜੀ ਤੇਰੇ ਥੱਲੇ।

ਦੰਦਾਂ ਹੇਠ ਲੜ ਦੱਬ ਕੇ,
ਨਾ ਅੱਖਾਂ ਵਿਚ ਚੋਰੀ ਚੋਰੀ ਹੱਸ ਵੇ।
ਤੋਤੇ ਰੰਗੀ ਪੱਗ ਬੰਨ੍ਹ ਕੇ,
ਕਿੱਥੇ ਚੱਲਿਐਂ ਗਭਰੂਆ ਦੱਸ ਵੇ।

ਸੰਮਾਂ ਵਾਲੀ ਡਾਂਗ ਫੜ ਕੇ,
ਤੁਰੇਂ ਮੋਢਿਆਂ ਦੇ ਉਤੋਂ ਦੀ ਤੂੰ ਥੁੱਕਦਾ।
ਚਿਹਰੇ ਦਾ ਜਲਾਲ ਵੇਖ ਕੇ,
ਰਿਹਾ ਜ਼ਾਲਮਾਂ ਦਾ ਸਾਹ ਸਦਾ ਸੁੱਕਦਾ।

ਸਾਦਗੀ ਨਾਲ ਜਿੰਦ ਤੋਲਤੀ,
ਤੈਨੂੰ ਲੱਗੀ ਨਾ ਬੇਕਾਰ ਕੋਈ ਚੱਸ ਵੇ।
ਤੋਤੇ ਰੰਗੀ ਪੱਗ ਬੰਨ੍ਹ ਕੇ,
ਕਿੱਥੇ ਚੱਲਿਐਂ ਗਭਰੂਆ ਦੱਸ ਵੇ।

ਫੁੱਲ ਤੂੰ ਗੁਲਾਬ ਚੋਭਰਾ,
ਮੁੰਡੇ ਕੁੜੀਆਂ 'ਚ ਚੰਗੀ ਤੇਰੀ ਸੋਅ ਵੇ।
ਮਿਠੀ ਮਿਠੀ ਤੋਰ ਤੱਕਣੀ,
ਗੱਲਾਂ ਮਿਠੀਆਂ 'ਚੋਂ ਆਵੇ ਤੇਰਾ ਮੋਹ ਵੇ।

ਰੱਖੇਂ ਸ਼ਾਨ ਮੁੱਛਾਂ ਕੁੰਢੀਆਂ,
ਪੰਜਾਬੀ ਬੋਲਦੀ ਹੈ ਤੇਰੀ ਨਸ ਨਸ ਵੇ।
ਤੋਤੇ ਰੰਗੀ ਪੱਗ ਬੰਨ੍ਹ ਕੇ,
ਕਿੱਥੇ ਚੱਲਿਐਂ ਗਭਰੂਆ ਦੱਸ ਵੇ।
ਚੀਕੂ ਚੀਕੂ ਜੁੱਤੀ ਚੀਕ ਦੀ,
ਲੜ ਚਾਦਰੇ ਦਾ ਨਾ ਹੋਵੇ ਤੇਰੇ ਵੱਸ ਵੇ।

*

## 2001–2100

ਵੀਹਵੀਂ ਸਦੀ ਪ੍ਰਾਹੁਣੀ ਆਈ, ਭਲਕੇ ਇਸ ਟੁਰ ਜਾਣਾ।
ਇਕੀਵੀਂ ਨੇ ਸਾਡੇ ਵਿਹੜੇ, ਪੈਰ ਬੇਸ਼ਗਨਾ ਪਾਣਾ।

ਸ਼ਮੀਰ, ਨੀਰ ਤਾਸੀਰ ਬਦਲਣੀ, ਮਿੱਟੀ ਨਾ ਸ਼ੁੱਧ ਰਹਿਣੀ।
ਜੰਗਲ ਬੇਲੇ ਜੜ੍ਹ ਹੋ ਜਾਣੇ, ਫਿਰਨੀ ਮੌਤ ਕੁਲਹਿਣੀ।

ਐਨੀ ਖਲਕਤ ਜੱਗ ਤੇ ਹੋਊ, ਧਰਤੀ ਸੌੜੀ ਹੋਣੀ।
ਕੌਮਾਂ ਨੇ ਆਪਸ ਵਿਚ ਭਿੜਨਾ, ਸਭਿਅਤਾ ਹੋ ਜਾਊ ਬੌਣੀ।

ਅਣ ਵਗੇ ਇਕ ਅੱਥਰੂ ਵਰਗਾ, ਮਨੁੱਖ ਨੇ ਜਨਮ ਹੰਢਾਣਾ।
ਜਨ ਗਨ ਦੇ ਇਸ ਭੀੜ ਭੜੱਕੇ, ਦਮ ਘੁੱਟ ਕੇ ਮਰ ਜਾਣਾ।

ਪਿਆਰ, ਸ਼ਹਾਦਤ, ਸਬਰ, ਸ਼ੁਕਰ, ਕੁਰਬਾਨੀ ਖੁਸ਼ੀਆਂ ਖੇੜੇ।
ਰਹਿਣਾ ਨਾ ਕੁਝ ਆਦਮ ਕੋਲੇ, ਵਧਣੇ ਬਹੁਤ ਬਖੇੜੇ।

ਦੇਸ਼ ਦਿਸੰਤਰ ਕੋਈ ਨਾ ਰਹਿਣੇ, ਹੱਦਾਂ ਬੰਨੇ ਮਿਟਣੇ।
ਸੁੱਕੀ ਅੱਖ ਕਿਤੇ ਨਾ ਲੱਭਣੀ, ਘਰ ਘਰ ਬਹਿਣੇ ਪਿੱਟਣੇ।

ਲੁੱਟਾਂ, ਖੋਹਾਂ, ਚੋਰੀਆਂ ਡਾਕੇ, ਵਧਣੀ ਬੇਰੁਜ਼ਗਾਰੀ।
ਜਿਸਦਾ ਕੋਈ ਉਪਾਅ ਨਾ ਲੱਭੇ, ਐਸੀ ਪਊ ਬੀਮਾਰੀ।

ਕੁਦਰਤ ਸਾਧਨ ਸਭ ਘਟ ਜਾਵੇ, ਨਾ ਸਾਵੀਂ ਹੋਈ ਆਬਾਦੀ।
ਬਾਲਾਂ ਸੁੱਕੀ ਛਾਤੀ ਚੁੰਘਣੀ, ਕਿਤੇ ਨਾ ਦਿਸਣੀ ਸ਼ਾਦੀ।

ਡਡੱਰਿਆਂ ਦੇ ਵਾਂਗਰ ਲੋਕਾਂ, ਇਕ ਦੂਜੇ ਵੱਲ ਤੱਕਣਾ।
ਕਮਜ਼ੋਰਾਂ ਨੂੰ ਤਕੜਿਆਂ ਰਲ ਕੇ, ਪਸ਼ੂਆਂ ਵਾਂਗਰ ਹੱਕਣਾ।

ਝੂਠ, ਫਰੇਬ ਤੇ ਧੋਖਾ ਦੇਹੀ, ਵਧਣੀ ਰਿਸ਼ਵਤ ਖੋਰੀ।
ਚੋਰ ਉਚੱਕਾ ਹਰ ਕੋਈ ਹੋਸੀ, ਕਰਦਾ ਸੀਨਾ ਜ਼ੋਰੀ।

ਖਾਵਣ ਪਹਿਨਣ ਘੱਟ ਹੋ ਜਾਣੇ, ਪੰਛੀ ਵੀ ਮੁੱਕ ਜਾਣੇ।
ਮਨੁੱਖਾ ਅੰਸ ਮਿਟਾਉਣੀ ਇਕ ਦਿਨ, ਆਬਾਦੀ ਦੇ ਜਰਵਾਣੇ।

ਸਰੋਤ ਪਦਾਰਥ ਮਿਲਣੇ ਨਾਹੀ, ਭੋਂ ਬਾਂਝ ਹੋ ਜਾਣੀ।
ਸੂਝ ਬੂਝ ਦੁਨੀਆਂ ਦੀ ਜਾਊ, ਗਸ਼ ਖਾ ਮਰੂ ਨਿਮਾਣੀ।

ਅੰਨ੍ਹੇ ਕਾਣੇ ਲੂਲ੍ਹੇ ਲੰਗੜੇ, ਪਾਗਲ ਜੰਮਣੇ ਬੰਦੇ।
ਕਿਰਨਾਂ ਦੀ ਛਾਤੀ ਵਿੰਨ੍ਹ ਦੇਣੀ, ਪਰਦੂਸ਼ਣ ਦੇ ਫੰਧੇ।

ਜੇ ਨਾ ਬੁੱਝੀ ਬਾਤ ਅਸਾਂ ਨੇ, ਰਹਿ ਜਾਊ ਬਾਤ ਅਧੂਰੀ।
ਧਰਮ ਜਾਤ ਕਿਸਮਤ ਤੇ ਰੱਬ ਨੇ, ਕਰਨੀ ਨਾ ਇਹ ਪੂਰੀ।

ਅਕਲ ਇਲਮ ਦੇ ਨਾਲ ਸੰਵਾਰੋ, ਕਰਨਾ ਹੱਲ ਜੇ ਕੋਈ।
ਬੇਸਮਝੀ ਦੀ ਝੋਲੀ ਪੈ ਕੇ, ਨਾ ਪਿਟ ਪਿਟ ਜਾਵੋ ਰੋਈ।

ਧਰਤੀ ਅਤੇ ਮਨੁੱਖ ਦੀ ਏਦਾਂ, ਆਖੀ ਜਾਊ ਕਹਾਣੀ।
ਆਪਣਾ ਆਪਾ ਆਪੇ ਖਾ ਗਈ, ਖਲਕਤ ਆਦਮ ਖਾਣੀ।

94179-88078

*



## ਨਵੇਂ ਸਾਲ ਦਾ ਗੀਤ

(ਸੁਰਜੀਤ ਸਿੰਘ ਕਾਉਂਕੇ)

ਚੜ੍ਹ ਚੜ੍ਹ ਚੜ੍ਹ ਨਵੇਂ ਸਾਲ ਦਿਆ ਸੂਰਜਾ ਵੇ
ਸੁੱਖ ਦਾ ਸੁਨੇਹਾ ਕੋਈ ਲਿਆ
ਦੂਰ ਕਰ ਨ੍ਹੇਰੇ ਲੱਭ ਨਵਿਆਂ ਸਵੇਰਿਆਂ ਨੂੰ
ਸ਼ਗਨਾਂ ਦੇ ਗੀਤ ਕੋਈ ਗਾ

ਨਫਰਤਾਂ ਦਾ ਬੀਜ ਜਿਹੜੇ ਬੀਜਦੇ ਨੇ ਰਾਹਾਂ ਵਿਚ
ਪਿਆਰ ਵਾਲੀ ਵੰਝਲੀ ਵਜਾ
ਭੁੱਲ ਜਾ ਅਤੀਤ ਦੀਆਂ ਯਾਦਾਂ ਲਹੂ-ਪੀਣੀਆਂ ਨੂੰ
ਸੁਪਨੇ ਭਵਿੱਖ ਦੇ ਸਜਾ
ਚੜ੍ਹ ਚੜ੍ਹ ਚੜ੍ਹ...

ਕੁੱਖ ਵਿਚ ਹੋਈਆਂ ਨੇ ਸ਼ਹੀਦ ਜੋ ਮਸੂਮ ਜਿੰਦਾਂ
ਦੱਸ ਜਾਈਂ ਉਨ੍ਹਾਂ ਦਾ ਕਸੂਰ ਵੇ
ਹੁੰਦੇ ਨੇ ਜ਼ੁਲਮ ਜਿਹੜੇ ਰਾਤਾਂ ਦੇ ਹਨ੍ਹੇਰਿਆਂ 'ਚ
ਸੱਚ ਦੱਸ ਕਿਹੜਾ ਦਸਤੂਰ ਵੇ
ਅੱਖਾਂ ਉੱਤੇ ਬੰਨ੍ਹ ਪੱਟੀ ਬੈਠੇ ਨੇ 'ਸਮਾਜ ਸੇਵੀ'
ਕਰਦੇ ਨਾ ਸ਼ਰਮ ਹਯਾ
ਚੜ੍ਹ ਚੜ੍ਹ ਚੜ੍ਹ...

ਬੇਈਮਾਨੀ, ਠੱਗੀ ਠੋਰੀ, ਲੁੱਟਾਂ ਖੋਹਾਂ ਹੋਣ ਏਥੇ
ਕੀਤਾ ਮਹਿੰਗਾਈ ਬੁਰਾ ਹਾਲ ਵੇ
ਚੋਰ ਹੈ ਉਚੱਕਾ ਰੰਨ ਗੁੰਡੀ ਪ੍ਰਧਾਨ ਜਿੱਥੇ
ਕਿਵੇਂ ਆਊ ਦੱਸ ਨਵਾਂ ਸਾਲ ਵੇ
ਭੁੱਖੇ ਢਿੱਡੀਂ ਰੋਟੀ ਅਤੇ ਮਿਹਨਤਾਂ ਦਾ ਪਾਈਂ ਮੁੱਲ
ਹੱਕ ਸੱਚ ਨਾਲ ਕਰੀ ਤੂੰ ਨਿਆਂ
ਚੜ੍ਹ ਚੜ੍ਹ ਚੜ੍ਹ...

‘ਰਾਜ ਨਹੀਂ ਸੇਵਾ’ ਵਾਲੇ ਨਾਹਰੇ ਨੂੰ ਪਰਖ ਲਵੀਂ
ਭਲਿਆਂ ਦੇ ਸਿਰ ਰੱਖੀਂ ਤਾਜ ਵੇ
ਲੋਕ ਰਾਜ ਵਾਲੀ ਸਦਾ ਹੋਵੇ ਜੈ ਜੈ ਕਾਰ ਏਥੇ
ਦੱਬੀਂ ਨਾ ਲੋਕਾਈ ਦੀ ਆਵਾਜ਼ ਵੇ
ਸੋਨ ਸੁਨਹਿਰੀ ਇਨ੍ਹਾਂ ਕਿਰਨਾਂ ਨੂੰ ਜੀ ਆਇਆਂ
ਦਿਤਾ ‘ਕਾਉਂਕੇ’ ਤੇਲ ਹੈ ਚੁਆ
ਚੜ੍ਹ ਚੜ੍ਹ ਚੜ੍ਹ ਨਵੇਂ ਸਾਲ ਦਿਆ ਸੂਰਜਾ ਵੇ
ਸੁੱਖ ਦਾ ਸੁਨੇਹਾ ਕੋਈ ਲਿਆ।

*

## ਗੀਤ

ਮੋੜ ਦੇ ਨੀ ਮਾਏ ਮੇਰੀ ਯਾਦਾਂ ਦੀ ਪਟਾਰੀ ਉਹ
ਦਿੰਦੀ ਸੀ ਅਸੀਸਾਂ ਹਰ ਵਾਰ ਨੀ....

ਮੋੜ ਦੇ ਨੀ ਮਾਏ ਮੇਰਾ ਲੋਰੀਆਂ ਦਾ ਦਾਜ ਉਹ
ਮਿੱਠੇ ਮਿੱਠੇ ਬੋਲਾਂ ਦੀ ਸੁਗੰਧ ਨੀ
ਇਕ ਪਲ ਝੱਲਦੀ ਨਾ ਕਦੇ ਰੁਸਵਾਈ ਮੇਰੀ
ਲਾਡਾਂ ਭਰੀ ਪਿਆਰ ਵਾਲੀ ਤੰਦ ਨੀ
ਕਿੱਥੇ ਗਏ ਪੀਪਣੀ ਦੇ ਪੱਤੇ ਚੀਚ ਵਹੁਟੀਆਂ ਵੀ
ਰੇਤ ਨਾ ਉਸਾਰੇ ਘਰ ਬਾਰ ਨੀ
ਮੋੜ ਦੇ ਨੀ ਮਾਏ....

ਅੱਲ੍ਹੜ ਤੇ ਬੱਲ੍ਹੜ ਉਹ ਕੌਣ ਸੀ ਨੀ ਦੱਸ ਮਾਏ
ਕਿੰਨਾ ਸੋਹਣਾ ਬੋਲ ਸੀ ਉਹ ਬਾਵੇ ਦਾ
ਹੁਣ ਕਦੇ ਕਦੇ ਮਾਏ ਸੋਚਦਾ ਹਾਂ ਕੱਲਾ ਬੈਠਾ
ਦਾਣੇ ਦੱਸ ਕਿੱਥੋਂ ਉਹ ਲਿਆਵੇਗਾ।
ਲਾਡ ਤੂੰ ਲਡਾਉਂਦੀ ਅਤੇ ਰੋਂਦੇ ਨੂੰ ਵਰਾਉਂਦੀ ਮੈਨੂੰ
ਕਰ ਬੈਠੀ ਕਾਹਤੋਂ ਇਨਕਾਰ ਨੀ
ਮੋੜ ਦੇ ਨੀ ਮਾਏ....

ਤੇਰੀ ਹੁਣ ਬਾਵੀ ਦੱਸ ਦਾਣੇ ਕਿੱਥੋਂ ਛੱਟ ਲਿਆਊ
ਬੋਹਲ ਲੁੱਟ ਲੈਂਦੇ ਡਾਢੇ ਸਾਈਂ ਨੀ
ਇਕ ਡੰਗ ਰੋਟੀ ਪਿੱਛੇ ਜੂਝਦੀ ਏ ਬਾਵੀ ਤੇਰੀ
ਲੱਪ ਨਾ ਭੜੋਲੇ ਵਿਚ ਪਾਈ ਨੀ
ਭੁੱਖੇ ਢਿੱਡ ਫਿਰਦੀ ਏ ਟੁੱਕਰਾਂ ਦੀ ਭਾਲ ਵਿਚ
ਲੱਭ ਕੇ ਦੇਹ ਤੂੰਹੀਂ ਸਾਡਾ ਪਿਆਰ ਨੀ
ਮੋੜ ਦੇ ਨੀ ਮਾਏ....

ਮੋੜਕੇ ਤੂੰ ਪਾ ਦੇ ਮੇਰੀ ਖਿੱਦੋ ਉਤੇ ਪਿੜੀਆਂ ਨੀ
ਆੜੀਆਂ ਨਾ ਖੇਡਾਂ ਖਿੱਦੋ ਖੂੰਡੀ ਨੀ
ਮੇਚ ਨਾ ਨੀ ਆਈ ਮੈਨੂੰ ਹਾਕੀ ਅਤੇ ਬਾਲ ਇਹ

ਇਕ ਦੂਜੇ ਤਾਂਈਂ ਜਾਂਦੇ ਚੂੰਡੀ ਨੀ
ਚੋਰਾਂ ਨਾਲ ਕੁੱਤੀ ਹੁਣ ਰਲ ਗਈ ਮਾਏ ਵੇਖ
ਗੁੰਮ ਗਿਆ ਖੇਡਾਂ ਦਾ ਵਕਾਰ ਨੀ
ਮੋੜ ਦੇ ਨੀ ਮਾਏ....

ਮੋੜ ਦੇ ਨੀ ਮਾਏ ਮੈਨੂੰ ਘੋਰ ਕੰਡੇ ਉਹੀ ਮੇਰੇ
ਟੀ.ਵੀ. ਗੇਮਾਂ ਕੀਤਾ ਏ ਲਾਚਾਰ ਨੀ
ਦਿੰਦੇ ਨੇ ਸਕੂਨ ਮੈਨੂੰ ਚੂਹੇ ਲੰਡੇ ਉਹੀ ਤੇਰੇ
ਦੁੱਧ ਤੇ ਮਧਾਣੀਆਂ ਬੀਮਾਰ ਨੀ
ਚਾਟੀਆਂ ਦਾ ਮੱਖਣ ਮਸ਼ੀਨਾਂ ਵਿਚ ਕੈਦ ਹੋਇਆ
ਲੁਟੀ ਗਈ ਬਿੱਲੀ ਦੀ ਬਹਾਰ ਨੀ
ਮੋੜ ਦੇ ਨੀ ਮਾਏ....

ਮੋੜ ਦੇ ਨੀ ਮਾਏ ਮੈਨੂੰ ਹੱਥਾਂ ਦੀਆਂ ਥਾਪੜੀਆਂ
ਗੋਦ ਵਿਚ ਚਰਖੇ ਦੀ ਘੂਕ ਨੀ
ਅੱਡੀ ਟੱਪਾ ਲੁਕ ਮੀਚਾਂ ਖੇਡਦੀ ਸੈਂ ਮੇਰੇ ਨਾਲ
ਹੁਣ ਕਾਹਤੋਂ ਏਨੀ ਮਸਰੂਫ਼ ਨੀ
ਕੁੱਟ ਕੁੱਟ ਚੂਰੀ ਬੈਠ ਗੋਦੀ 'ਚ ਖੁਆਕੇ ਵੇਖ
ਕਿਵੇਂ ਹੋਵੇਂ ਤੂੰ ਵੀ ਸਰਸ਼ਾਰ ਨੀ।
ਮੋੜ ਦੇ ਨੀ ਮਾਏ....

ਸਰਦੀ 'ਚ ਮਿਲਦਾ ਨਾ ਨਿੱਘ ਹੁਣ ਤੇਰਾ ਮਾਏ
ਗਰਮੀ 'ਚੋਂ ਗੁੰਮ ਠੰਡੀ ਛਾਂ ਨੀ
ਮੈਨੂੰ ਕਾਹਤੋਂ ਕੈਦ ਕੀਤਾ ਵਿਚ ਹੈ ਕਰਿਚਾਂ ਮਾਏ
ਵਿਚ ਕਿਉਂ ਸਟੋਰਾਂ ਤੇਰੀ ਥਾਂ ਨੀ
ਘੂਰ ਘੂਰ ਰਖਦੀ ਖਿਡਾਵੀ ਤੇਰੀ ਹਰ ਵੇਲੇ
ਦਿੰਦੀ ਏ ਚਪੇੜਾਂ ਐਵੇਂ ਮਾਰ ਨੀ
ਮੋੜ ਦੇ ਨੀ ਮਾਏ....

ਮੋੜ ਦੇ ਨੀ ਮਾਏ ਮੇਰੀ ਗੋਦ ਨਿੱਘੀ ਸੁਰਗਾਂ ਦੀ
ਬਾਹਾਂ ਵਾਲੇ ਝੂਲੇ 'ਚ ਸੁਆਦੇ ਨੀ
ਕੁਝ ਵੀ ਨਾ ਮੰਗਾਂ ਤੈਥੋਂ ਖਾਣ ਪੀਣ ਪਹਿਨਣੇ ਨੂੰ
ਘਰ ਰਹਿ ਕੇ ਸੁਰਗ ਬਣਾਦੇ ਨੀ
ਤੇਰੇ ਨਾਲ ਮੇਰਾ ਤਾਂ ਜਹਾਨ ਸਾਰਾ ਵੱਸਦਾ ਏ
ਸਿੱਕਿਆਂ ਦੀ ਛੱਡ ਝਣਕਾਰ ਨੀ
ਮੋੜ ਦੇ ਨੀ ਮਾਏ....

## ਗੀਤ

ਕਦੇ ਸਾਡੇ ਵਿਹੜੇ ਆ ਕੁੜੀਏ
ਕੋਈ ਸੱਜਰਾ ਗੀਤ ਸੁਣਾ ਕੁੜੀਏ

ਕੋਈ ਗੀਤ ਸਮੇਂ ਦੇ ਸੱਚ ਵਰਗਾ
ਸੋਹਣੀ ਦੀ ਵੰਗ ਦੇ ਕੱਚ ਵਰਗਾ
ਸਾਡੇ ਸਾਹਾਂ ਵਿਚ ਸਮਾ ਕੁੜੀਏ, ਕਦੇ ਸਾਡੇ ਵਿਹੜੇ....

ਗਾ ਗੀਤ ਵਫਾ ਦੀ ਗੱਲ ਕਰੇ
ਕੋਈ ਰਮਜ਼ ਇਸ਼ਕ ਦਾ ਹੱਲ ਕਰੇ,
ਬਣ ਟੂਣੇ ਹਾਰੀ ਆ ਕੁੜੀਏ, ਕਦੇ ਸਾਡੇ ਵਿਹੜੇ....

ਤੇਰੇ ਗੀਤ ਦੀ ਅਜਬ ਕਹਾਣੀ ਏ
ਗੰਗਾ ਦਾ ਵਗਦਾ ਪਾਣੀ ਏ
ਨਾ ਨੈਣੋਂ ਨੀਰ ਵਹਾ ਕੁੜੀਏ, ਕਦੇ ਸਾਡੇ ਵਿਹੜੇ....

ਤੂੰ ਆਵੇਂ ਤਾਂ ਘਰ ਮਹਿਕ ਪਵੇ
ਹਰ ਜ਼ੱਰਰਾ ਜ਼ੱਰਰਾ ਚਹਿਕ ਪਵੇ
ਹੋਵੇਂ ਨਾ ਕਦੇ ਜੁਦਾ ਕੁੜੀਏ, ਕਦੇ ਸਾਡੇ ਵਿਹੜੇ....

ਤੂੰ ਗੀਤ 'ਚ ਐਸੀ ਲੈਅ ਭਰਦੇ
ਹਰ ਸੁਰ ਵਿਚ ਐਸੀ ਸ਼ੈਅ ਭਰਦੇ
ਕਰ ਆਪਣਾ ਫ਼ਰਜ਼ ਅਦਾ ਕੁੜੀਏ, ਕਦੇ ਸਾਡੇ ਵਿਹੜੇ....

ਕੋਈ ਬੋਲ ਹਿਜਰ ਦਾ ਬੋਲ ਜਾ ਨੀ
ਸਾਹਾਂ ਵਿਚ ਮਹਿਕਾਂ ਘੋਲ ਜਾ ਨੀ
ਤੈਥੋਂ ਸਦਕੇ ਜਾਂ ਸਦਾ ਕੁੜੀਏ, ਕਦੇ ਸਾਡੇ ਵਿਹੜੇ....

ਤੂੰ ਰਾਤਾਂ ਕਰ ਜਾ ਚਾਨਣੀਆਂ
ਅਸੀਂ ਰਲ ਮਿਲ ਸਭ ਨੇ ਮਾਨਣੀਆਂ
ਦਰਦਾਂ ਦੀ ਬਣ ਦਵਾ ਕੁੜੀਏ, ਕਦੇ ਸਾਡੇ ਵਿਹੜੇ....

ਬਣ ਅੱਖਰਾਂ ਦੀ ਸੌਗਾਤ ਕੁੜੇ
ਤੇਰੇ ਮੋਹ ਭਿੱਜੇ ਜਜ਼ਬਾਤ ਕੁੜੇ
ਹੁਣ ਸੁਪਨੇ ਨਵੇਂ ਸਜਾ ਕੁੜੀਏ,
ਕਦੇ ਸਾਡੇ ਵਿਹੜੇ ਆ ਕੁੜੀਏ।

94179-15615

*



## ਗ਼ਜ਼ਲਾਂ

(ਹਰਕੋਮਲ ਬਰਿਆਰ)

ਉਹ ਦੋਸ਼ ਲਾ ਰਹੇ ਨੇ, ਸੂਹੇ ਸਵੇਰਿਆਂ ਤੇ।
ਕਰਿਆ ਨਾ ਕਰ ਭਰੋਸਾ, ਕਾਲ਼ੇ ਹਨੇਰਿਆਂ ਤੇ।

ਜੋ ਬਾਗ ਦੇ ਨੇ ਮਾਲੀ, ਖ਼ੁਦ ਮਸਲਦੇ ਨੇ ਕਲੀਆਂ,
ਰਖਣੀ ਨਜ਼ਰ ਹੈ ਪੈਣੀ, ਸਭ ਨੂੰ ਫੁਲੇਰਿਆਂ ਤੇ।

ਇਕ ਹੱਥ ਸੀਸ ਧਰ ਲੈ, ਦੂਜੇ ਕਟਾਰ ਫੜ ਲੈ,
ਜ਼ਾਲਮ ਨੂੰ ਸ਼ਕ ਰਹੇ ਨਾ, ਸਾਡੇ ਇਹ ਜੇਰਿਆਂ ਤੇ।

ਸਭ ਨੂੰ ਪਤਾ ਹੈ ਲੰਕਾ, ਢਾਹੁੰਦਾ ਹੈ ਘਰ ਦਾ ਭੇਤੀ
ਦੁਸ਼ਮਣ ਤੋਂ ਵੱਧ ਨਜ਼ਰ ਤੂੰ, ਰੱਖੀਂ ਚਚੇਰਿਆਂ ਤੇ।

ਐਸੀ ਕਿਰਤ ਨਾ ਕਰਨੀ, ਪੈ ਜੇ ਨਮੋਸ਼ੀ ਜਰਨੀ,
ਵੇਖੀਂ ਮਲੀਂ ਨਾ ਕਾਲਖ, ਮਾਂ ਪਿਉ ਦੇ ਚਿਹਰਿਆਂ ਤੇ।

ਬਾਣੀ ਗੁਰਾਂ ਦੀ ਤੇਰਾ, ਬਣਦੀ ਹੈ ਰਾਹ ਦਸੇਰਾ,
ਫਿਰ ਭਾਲਦਾ ਹੈਂ ਕੀ ਤੂੰ, ਜਾ ਜਾ ਕੇ ਡੇਰਿਆਂ ਤੇ।

ਦਿਸਦੈ ਅਜੇ ਹਨੇਰਾ ਤੇ ਦੂਰ ਹੈ ਸਵੇਰਾ,
ਉੱਠ ਬਾਲ ਕੇ ਧਰੀਂ ਤੂੰ, ਦੀਵੇ ਬਨੇਰਿਆਂ ਤੇ।

ਇਹ ਚੋਗ ਚੁਗਣ ਆਉਂਦੇ, ਮੁੜ ਕੇ ਨਾ ਮੂੰਹ ਵਿਖਾਉਂਦੇ,
ਇਤਬਾਰ ਕਰ ਨਾ ਬੈਠੀਂ, ਫਸਲੀ ਬਟੇਰਿਆਂ ਤੇ।

ਇਹ ਫਿਰਨ ਦਨਦਨਾਉਂਦੇ, ਕਾਬੂ ਨਹੀਂ ਜੋ ਆਉਂਦੇ,
ਨੇਤਾ ਦਾ ਹੱਥ ਲਗਦੈ, ਇਹਨਾਂ ਲੁਟੇਰਿਆਂ ਤੇ।

*

✪

ਦਿਲ ਵਿਚ ਹੋਵੇ ਤਾਂਘ ਪਿਆਰੇ ਮਿਲਦੇ ਨੇ,
ਨੀਤ ਜੇ ਹੋਵੇ ਸਾਫ ਸਹਾਰੇ ਮਿਲਦੇ ਨੇ।

ਭੰਵਰ ਵਿਚ ਫਸ ਜਾਵੇ ਢੇਰੀ ਢਾਵੇ ਜੋ,
ਹੋਵੇ ਹੋਸ਼ ਤੇ ਜੋਸ਼ ਕਿਨਾਰੇ ਮਿਲਦੇ ਨੇ।

ਸੋਗੀ ਨੂੰ ਤਾਂ ਪੱਤਝੜ ਦਿਸਦੀ ਹਰ ਪਾਸੇ,
ਮਨ ਵਿਚ ਹੋਏ ਬਹਾਰ ਨਜ਼ਾਰੇ ਮਿਲਦੇ ਨੇ।

ਓਸੇ ਦਾ ਹੈ ਅਸਰ ਜੋ ਜ਼ਹਿਰਾਂ ਖਾਂਦੇ ਹਾਂ,
ਸਭ ਦੇ ਬੋਲਾਂ ਵਿਚ ਸ਼ਰਾਰੇ ਮਿਲਦੇ ਨੇ।

ਬੋਲ ਬਾਲਾ ਹੈ ਝੂਠ ਦਾ ਭਾਵੇਂ ਹਰ ਪਾਸੇ,
ਸੱਚ ਦੀ ਪਾਵੋ ਬਾਤ ਹੁੰਗਾਰੇ ਮਿਲਦੇ ਨੇ।

ਚੌਵੀ ਘੰਟੇ ਰਹਿੰਦਾ ਹੈ ਮਨ ਮਸਤ ਜਿਹਾ,
ਜਦ ਮਹਿਰਮ ਦੇ ਨਾਲ ਇਸ਼ਾਰੇ ਮਿਲਦੇ ਨੇ।

ਹਰ ਪਲ ਐਸੇ ਜੀਉ ਕਿ ਧਰਤੀ ਮਾਣ ਕਰੇ,
ਜਾਣ ਵੇਲੇ ਕਦ ਸਾਹ ਉਧਾਰੇ ਮਿਲਦੇ ਨੇ।

ਮੈਂ ਸੱਚਾ ਤੂੰ ਝੂਠਾ ਅਪਣੀ ਨਿਭਣੀ ਨਹੀਂ,
ਪੱਤਰੀ ਬੋਲੇ ਝੂਠ ਸਿਤਾਰੇ ਮਿਲਦੇ ਨੇ।

ਬਿਰਖਾਂ ਵਰਗਾ ਬੰਦਾ ਮਿਲੇ ਤਾਂ ਦੱਸ ਦੇਵੀਂ,
ਸਾਨੂੰ ਤਾਂ ਹਰ ਰੋਜ਼ ਗ਼ੁਬਾਰੇ ਮਿਲਦੇ ਨੇ।

'ਬਰਿਆਰਾ' ਦੁਸ਼ਮਣ ਮਿੱਤਰ ਬਣਦੈ ਉਸ ਵੇਲੇ,
ਅੱਗੇ ਤੋਂ ਜਦ ਹੱਥ ਕਰਾਰੇ ਮਿਲਦੇ ਨੇ।

*

✪

ਵੱਡੇ ਵੱਡੇ ਨਾਵਾਂ ਤੋਂ ਡਰ ਲਗਦਾ ਹੈ।
ਆਪੇ ਚੁਣੇ ਨੇਤਾਵਾਂ ਤੋਂ ਡਰ ਲਗਦਾ ਹੈ।

ਖੌਰੇ ਕਦ ਇਹ ਬੇਵਫਾਈ ਕਰ ਜਾਵਣ,
ਆਉਂਦੇ ਜਾਂਦੇ ਸਾਹਵਾਂ ਤੋਂ ਡਰ ਲਗਦਾ ਹੈ।

ਮਾੜੀ ਮਾੜੀ ਗੱਲ ਤੇ ਗਲ਼ ਨੂੰ ਆਉਂਦੀਆਂ ਨੇ,
ਆਪਣੀਆਂ ਹੀ ਬਾਹਵਾਂ ਤੋਂ ਡਰ ਲਗਦਾ ਹੈ।

ਮਿੱਤਰਤਾ ਦਾ ਹੱਥ ਵਧਾਵਾਂ ਕਿੱਦਾਂ ਮੈਂ,
ਪਹਿਲਾਂ ਖਾਧੇ ਘਾਵਾਂ ਤੋਂ ਡਰ ਲਗਦਾ ਹੈ।

ਖ਼ਬਰ ਨਹੀਂ ਕਦ ਰੂਪ ਯਮਾਂ ਦਾ ਧਾਰਨ ਇਹ,
ਅਣਜੰਮੀਆਂ ਨੂੰ ਮਾਵਾਂ ਤੋਂ ਡਰ ਲਗਦਾ ਹੈ।

ਚਾਹੁੰਦਾ ਹਾਂ ਫੁੱਲ ਤੋੜ ਕੇ ਟੰਗਣਾ ਕਾਲਰ ਤੇ,
ਪਰ ਬੂਟੇ ਦੀਆਂ ਹਾਵਾਂ ਤੋਂ ਡਰ ਲਗਦਾ ਹੈ।

ਉਸ ਨੇ ਤਾਂ ਕਹਿ ਦਿੱਤਾ ਹੋਵੇਂ ਸੱਤ ਪੁੱਤਾ,
ਦਾਦੀ ਦੀਆਂ ਦੁਆਵਾਂ ਤੋਂ ਡਰ ਲਗਦਾ ਹੈ।

ਧੁੱਪਾਂ ਦਾ ਤਾਂ ਕੰਮ ਹੈ ਪਿੰਡਾ ਲੂਹ ਦੇਣਾ,
ਅੱਜ ਕੱਲ੍ਹ ਸਾਨੂੰ ਛਾਵਾਂ ਤੋਂ ਡਰ ਲਗਦਾ ਹੈ।

ਸਿਖਰ ਦੁਪਹਿਰੇ ਸੱਤ ਸਮੁੰਦਰ ਪਾਰ ਕਰੇ,
ਸ਼ਾਮ ਢਲੀ ਦਰਿਆਵਾਂ ਤੋਂ ਡਰ ਲਗਦਾ ਹੈ।

*

ਹਨੇਰੇ ਮੂੰਹ ਛੁਪਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।
ਸਿਤਾਰੇ ਟਿਮਟਿਮਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਬਖਸ਼ਦੇ ਗੀਤ ਨੇ ਮੇਰੇ ਬੁਲੰਦੀ ਢਾਰਿਆਂ ਤਾਈਂ,
ਤੇ ਧੌਲਰ ਡਗਮਗਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਮੇਰੇ ਗੀਤਾਂ ਤਾਈਂ ਸੁਣਕੇ ਸਮੁੰਦਰ ਸ਼ਾਂਤ ਹੋ ਜਾਵੇ,
ਤੇ ਝਰਨੇ ਸ਼ੋਰ ਪਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਮੇਰੇ ਗੀਤਾਂ ਦੇ ਅੰਦਰ ਰੋਹ ਹੈ ਚੜ੍ਹਦੀ ਜਵਾਨੀ ਦਾ,
ਤੂਫਾਂ ਵੀ ਸਿਰ ਝੁਕਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਰੁਕੀ ਰੁਮਕਣ ਹਵਾ ਲੱਗੇ, ਚਹਿਕ ਉੱਠੇ ਚਮਨ ਸਾਰਾ,
ਪੁਸ਼ਪ ਮਹਿਕਾਂ ਲੁਟਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਮੇਰੇ ਗੀਤਾਂ ਤਾਈਂ ਸੁਣ ਕੇ ਕਬੂਤਰ ਜਾਲ ਲੈ ਉੱਡਦੇ,
ਸ਼ਿਕਾਰੀ ਛਟਪਟਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਮੇਰੀ ਕਾਨੀ ਸਦਾ ਹੀ ਅਮਨ ਦਾ ਪੈਗ਼ਾਮ ਦਿੰਦੀ ਏ,
ਤੇ ਜ਼ਾਲਮ ਥਰਥਰਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਉਨ੍ਹਾਂ ਨੂੰ ਹੌਸਲਾ ਦੇਵਾਂ ਜਿਨ੍ਹਾਂ ਦੀ ਜੀਭ ਠਾਕੀ ਹੈ,
ਤੇ ਗੁੰਗੇ ਬੋਲ ਪਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਮੇਰੇ ਗੀਤਾਂ ਤਾਈਂ ਸੁਣਕੇ ਹੈ ਸੁਕਦਾ ਸਾਹ ਰਕੀਬਾਂ ਦਾ,
ਪਿਆਰੇ ਮੁਸਕਰਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਹਵਾ ਵਿਚ ਹਰਫ਼ ਲਿਖ ਦੇਵਾਂ ਪਵੇ ਦੰਦਲ ਹਨੇਰੀ ਨੂੰ,
ਤੇ ਦੀਵੇ ਜਗਮਗਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

ਇਹ ਲੈ ਕੇ ਜੋਸ਼ ਗੀਤਾਂ ਤੋਂ ਹੈ ਬਣਦੀ ਮੋਮ ਵੀ ਪੱਥਰ,
ਤੇ ਪੱਥਰ ਸਿਰ ਝੁਕਾਉਂਦੇ ਨੇ ਜਦੋਂ ਮੈਂ ਗੀਤ ਲਿਖਦਾ ਹਾਂ।

94637-44580

# ਚਾਨਣ ਦੀ ਇਕ ਰਿਸ਼ਮ

(ਗੁਰਦੇਵ ਸਿੰਘ 'ਹੰਸਰਾ')



ਚਾਨਣ ਦੀ ਇਕ ਰਿਸ਼ਮ ਜਿਹੀ,
ਸਾਨੂੰ ਮੁੜ ਮੁੜ ਚੇਤੇ ਆਉਂਦੀ ਹੈ।
ਜ਼ਿੰਦਗੀ ਦੇ ਕਿਸੇ ਝਰੋਖੇ 'ਚੋਂ,
ਉਹ ਜਦ ਵੀ ਝਲਕ ਵਿਖਾਉਂਦੀ ਹੈ।

ਉਹ ਖ਼ੁਸ਼ਬੂ ਬਣ ਕੇ ਘੁਲ਼ ਜਾਂਦੀ,
ਰਲ਼ ਜਾਂਦੀ ਵਿਚ ਹਵਾਵਾਂ ਦੇ।
ਉਹ ਧੁਰ-ਅੰਦਰ ਤੱਕ ਲਹਿ ਜਾਂਦੀ,
ਵਿਚ ਰਲ਼ ਕੇ ਸਾਡੇ ਸਾਹਵਾਂ ਦੇ।
ਉਹ ਬਿਜਲੀ ਦੀ ਲਿਸ਼ਕ ਜਿਹੀ,
ਪੈਰਾਂ ਨੂੰ ਥਿਰਕਣ ਲਾਉਂਦੀ ਹੈ।
ਚਾਨਣ ਦੀ ਇਕ ਰਿਸ਼ਮ....

ਉਹ ਇਕ ਬਰਸਾਤੀ ਨਦੀ ਜਿਹੀ,
ਜਿਉਂ ਉੱਤਰ ਪਹਾੜੋਂ ਆਈ ਹੈ।
ਉਹ ਕਰਾਮਾਤ ਉਸ ਕਾਦਰ ਦੀ,
ਉਹ ਕਿਸੇ ਪਰੀ ਦੀ ਜਾਈ ਹੈ।
ਸਾਵਣ ਦੀ ਇਕ ਝੜੀ ਜਿਹੀ,
ਜੋ ਹਰ ਮੌਸਮ ਨਸ਼ਿਆਉਂਦੀ ਹੈ।
ਚਾਨਣ ਦੀ ਇਕ ਰਿਸ਼ਮ....

ਕਿਵੇਂ ਗਾਗਰ ਦੇ ਵਿਚ ਬੰਦ ਕਰਲਾਂ,
ਉਹ ਸਾਗਰ ਦੀ ਇਕ ਲਹਿਰ ਜਿਹੀ।
ਉਹ ਲੋਕ-ਗੀਤ ਦੀ ਹੇਕ ਜਿਹੀ,
ਤੇ ਕਿਤੇ ਗ਼ਜ਼ਲ ਦੀ ਬਹਿਰ ਜਿਹੀ।
ਫੁੱਲ ਬਣ ਕੇ ਖ਼ੁਦ ਖਿੜ ਜਾਂਦੀ ਹੈ,
ਜਦ ਫੁੱਲਾਂ ਨੂੰ ਹੱਥ ਲਾਉਂਦੀ ਹੈ।
ਚਾਨਣ ਦੀ ਇਕ ਰਿਸ਼ਮ....

*

✪

ਲੰਘ ਗਈਆਂ ਬਰਸਾਤਾਂ, ਝੜੀਆਂ ਸੌਣ ਦੀਆਂ।
ਆਈਆਂ ਨਾ ਕਨਸੋਆਂ, ਤੇਰੇ ਆਉਣ ਦੀਆਂ।

ਬ੍ਰਿਹੋਂ ਡੰਗੇ ਸਾਹ ਫ਼ਿਜ਼ਾ ਵਿਚ ਰਲ਼ ਗਏ ਨੇ,
ਕਿਵੇਂ ਮਾਂਦਰੀ ਚੂਸੇ, ਜ਼ਹਿਰਾ ਪੌਣ ਦੀਆਂ।

ਕਦਮ ਕਦਮ ਤੇ ਕੰਡੇ ਬਿਖੜਾ ਪੈਂਡਾ ਹੈ,
ਰੁੱਤਾਂ ਅਜੇ ਨਹੀਂ ਪੈਰੀਂ ਝਾਂਜਰ ਪਾਉਣ ਦੀਆਂ।

ਪੱਥਰਾਂ ਨੂੰ ਪਿਘਲਾਉਂਦਾ ਸੇਕ ਜਵਾਨੀ ਦਾ,
ਸੋਚਾਂ ਸਿਰਜ ਨਾ, ਮੋਮ ਦੇ ਬੁੱਤ ਬਣਾਉਣ ਦੀਆਂ।

ਮਨ ਦਾ ਮੋਰ ਨਾ ਨੱਚਿਆ ਵਿਚ ਬਹਾਰਾਂ ਦੇ,
ਗੱਲਾਂ ਭਾਵੇਂ ਕਰਦਾ, ਪੈਲਾਂ ਪਾਉਣ ਦੀਆਂ।

ਝੀਲਾਂ ਵਰਗੇ ਨੈਣ, ਲੌਂਗ ਜਿਉਂ ਧਰੂ-ਤਾਰਾ,
ਸਿਫਤਾਂ ਨਹੀਂ ਇਹ ਗਲਾਂ ਹਨ, ਭਰਮਾਉਣਦੀਆਂ।

ਜੋਗੀ ਡੰਗਿਆ ਫਨੀਅਰ ਕਾਲ਼ੇ ਨਾਗਾਂ ਦਾ,
ਜੁਗਤਾਂ ਦਸੇ ਡੰਗ ਤੇ ਮਣਕਾ ਲਾਉਣ ਦੀਆਂ।

*

✪

ਕੋਰੇ ਕਾਗਜ਼ ਕਾਲ਼ੇ ਕਰ ਕਰ, ਐਵੇਂ ਨਾ ਸੁੱਟ ਜਾਇਆ ਕਰ।
ਦਰਦੇ-ਦਿਲ ਦੀ ਕੋਈ ਕਾਤਰ, ਲਿਖਤਾਂ ਵਿਚ ਸਜਾਇਆ ਕਰ।

ਸੁਪਨੇ ਦੇ ਵਿਚ ਝਲਕ ਵਿਖਾ ਕੇ, ਚੁੱਪਕੇ ਜਿਹੇ ਮੁੜ ਜਾਨਾਂ ਏਂ,
ਰੂਹ ਦੀਆਂ ਕਦੇ ਬਰੂਹਾਂ ਅੰਦਰ, ਪੋਲੇ ਜਿਹੇ ਲੰਘ ਆਇਆ ਕਰ।

ਪਹਿਲੀਆਂ ਰਾਤਾਂ ਪਹਿਲੀਆਂ ਬਾਤਾਂ, ਤਾਰੇ ਤੋੜ ਲਿਆਉਣ ਦੀਆਂ,
ਬੇਸ਼-ਕੀਮਤੀ ਯਾਦਾਂ ਨੂੰ ਤੂੰ ਸੀਨੇ ਨਾਲ ਲਗਾਇਆ ਕਰ।

ਵਾਦੀ ਦੇ ਵਿਚ ਘਟਾ ਕਾਲ਼ੀਏ, ਰੋਜ਼ ਹੀ ਵਰ੍ਹਦੀ ਰਹਿੰਨੀਂ ਏਂ,
ਭੁੱਲ-ਭੁਲੇਖੇ ਮਾਰੂਥਲ ਦੀ, ਕਦੇ ਤਾਂ ਪਿਆਸ ਬੁਝਾਇਆ ਕਰ।

ਮਹਿਕਾਂ ਨਾਲ ਜ਼ਿੰਦਗੀ ਮਹਿਕੇ, ਮਹਿਕਾਂ ਮਰਿਆਂ ਮਰ ਜਾਂਦੀ,
ਛੋਹ ਕੇ ਲੰਘਦੀ ਹਰ ਖ਼ੁਸ਼ਬੋ ਨੂੰ, ਸਾਹਾਂ ਸੰਗ ਰਲ਼ਾਇਆ ਕਰ।

ਦੂਰੋਂ ਵਜਦੀ ਬੀਨ ਜੋਗੀਆ, ਬ੍ਰਿਹੋਂ ਨਾਗ ਜਗਾਉਂਦੀ ਹੈ,
ਵਿਹੜੇ ਸਾਡੇ ਆਣ ਇਨ੍ਹਾਂ ਨੂੰ, ਕੀਲ ਪਟਾਰੀ ਪਾਇਆ ਕਰ।

ਚਿਹਰਾਂ ਸ਼ਾਂਤ-ਸਮੁੰਦਰ ਵਰਗਾ, ਅੰਦਰ ਛੁਪੇ ਤੂਫ਼ਾਨ ਕਈ,
ਦਿਲਦਾਰਾਂ ਤੋਂ ਭੇਤ ਨੀ ਛੁਪਦੇ, ਖ਼ੁਸ਼ੀ ਮਖੌਟੇ ਲਾਇਆ ਕਰ।

ਤੇਰੀ ਮੇਰੀ ਹੋਂਦ ਨੂੰ ਖ਼ਤਰਾ, ਸਦਾ ਹੀ ਬਣਿਆ ਰਹਿੰਦਾ ਹੈ,
ਦਿਲ ਦੇ ਵਿਚ ਵਸਾਅ ਕੇ ਸਾਨੂੰ, ਡੌਰੂ ਨਾ ਖੜਕਾਇਆ ਕਰ।

*

✪

ਧੀ ਤਾਂ ਇਕ ਖ਼ੁਸ਼ਬੂ ਦਾ ਨਾਂ ਹੈ।
ਧੀ ਤਾਂ ਸਾਡੀ ਰੂਹ ਦਾ ਨਾਂ ਹੈ।
ਧੀ ਹੁੰਦੀ ਹੈ ਸਾਹਵਾਂ ਵਰਗੀ।
ਸੱਜਰੇ ਸੱਜਰੇ ਚਾਵਾਂ ਵਰਗੀ।

ਧੀ ਤਾਂ ਇਕ ਅਹਿਸਾਸ ਦਾ ਨਾਂ ਹੈ,
ਧੀ ਜ਼ਿੰਦਗੀ ਦੀ ਆਸ ਦਾ ਨਾਂ ਹੈ।
ਧੀ ਹੁੰਦੀ ਹੈ ਗੀਤ ਦੇ ਵਰਗੀ,
ਸੱਚੀ ਸੁੱਚੀ ਪ੍ਰੀਤ ਦੇ ਵਰਗੀ।

ਪੁੱਤਰ ਭਾਵੇਂ ਘਰ ਵਿਚ ਹੋਵੇ,
ਧੀ ਬਿਨਾਂ ਨਾ ਵਿਹੜਾ ਸੋਹਵੇ।
ਪੁੱਤਰ ਜੇ ਕਰ ਜੋਸ਼ ਦਾ ਨਾਂ ਹੈ,
ਧੀ ਵੀ ਸਾਡੀ ਹੋਸ਼ ਦਾ ਨਾਂ ਹੈ
ਜੇ ਪੁੱਤਰ ਨੇ ਅੱਖ ਦੇ ਤਾਰੇ,
ਧੀ ਵੀ ਅੱਖ ਦੀ ਜੋਤ ਪਿਆਰੇ।

ਕੋਮਲਤਾ ਜੱਗ 'ਚੋਂ ਉੱਡ ਜਾਣੀ,
ਜੇ ਨਾ ਹੋਵੇ ਧੀ-ਧਿਆਣੀ।
ਵੀਰ ਦੀ ਅੱਖ 'ਚੋਂ ਅਥਰੂ ਬਰਸਣ,
ਖ਼ਾਲੀ ਗੁੱਟ ਰੱਖੜੀ ਨੂੰ ਤਰਸਣ।

ਸਿਰ ਤੇ ਸਿਹਰਾ ਕੌਣ ਸਜਾਊ,
ਕੌਣ ਵੀਰ ਦੀ ਘੋੜੀ ਗਾਊ।
ਕਦੇ ਵੀ ਧੀ ਨੂੰ ਨਾ ਦੁਰਕਾਰੋ,
ਕਦੇ ਨਾ ਧੀ ਨੂੰ ਕੁੱਖ 'ਚ ਮਾਰੋ।
ਜੋ ਵੀ ਧੀ ਦਾ ਕਤਲ ਕਰਾਵੇ,
ਰਚਨਹਾਰ ਨੂੰ ਉਹ ਨਾ ਭਾਵੇ।

98159-16359

*

## ਗ਼ਜ਼ਲ



(ਅਜੀਤ ਪਿਆਸਾ)

ਹੋਣੀਆਂ ਨੇ ਆ ਕੇ ਕੀਤੀ ਬੰਦਗੀ ਸ਼ਾਮਾਂ ਢਲੇ।
ਬੂਹੇ 'ਤੇ ਫਿਰ ਚੁੱਪ ਖੜੀ ਹੈ ਵਿਲਕਦੀ ਸ਼ਾਮਾਂ ਢਲੇ।

ਬੋਲ ਵੀ ਅਪਨਾ ਨਾ ਹੋਇਆ ਘੁੰਗਰੂਆਂ ਦੇ ਹਾਣ ਦਾ,
ਕਰਕੇ ਮੁਜਰਾ ਸਿਸਕਦੀ ਹੈ ਜ਼ਿੰਦਗੀ ਸ਼ਾਮਾਂ ਢਲੇ।

ਰੋਜ਼ ਪਾਉਂਦੀ ਰੋਜ਼ ਲਾਹੁੰਦੀ ਚੂੜਾ ਤੇਰੇ ਸ਼ਗਨ ਦਾ,
ਰੋਜ਼ ਕਰਦੀ ਖ਼ੁਦਕਸ਼ੀ ਨੂੰ ਮੁਲਤਵੀ ਸ਼ਾਮਾਂ ਢਲੇ।

ਫੇਰ ਅੱਜ ਨੂੰ ਜੀਉਣ ਦੀ ਹੈ ਆਸ ਝੂਠੀ ਹੋ ਗਈ,
ਹੱਥੀਂ ਆ ਕੇ ਤਿਲ੍ਹਕ ਗਈ ਹੈ ਜ਼ਿੰਦਗੀ ਸ਼ਾਮਾਂ ਢਲੇ।

ਕਿਸਨੂੰ ਆਖੇ ਕਿੰਝ ਆਖੇ ਇਸਦਾ ਕੀ ਗੁੰਮ ਹੋ ਗਿਆ,
ਕਿਸਦਾ ਰਸਤਾ ਦੇਖਦੀ ਹੈ ਬੇਖ਼ੁਦੀ ਸ਼ਾਮਾਂ ਢਲੇ।

ਬਾਲ ਕੇ ਆਪਣਾ ਸਿਵਾ ਹੈ ਯਾਦ ਹਉਕੇ ਸੇਕਦੀ,
ਕੋਲੇ ਬਹਿਕੇ ਆਸ ਕਰ ਦੀ ਦਿਲਲਗੀ ਸ਼ਾਮਾਂ ਢਲੇ।

ਕੌਣ ਹੈ ਕਿਥੋਂ ਹੈ ਆਈ ਕਿੱਥੇ ਜਾਣਾ ਪਿਆਸ ਨੇ,
ਹਰ ਘੜੀ ਹਿਜਰਾਂ ਸਰਾਪੀ ਬਹਿਕਦੀ ਸ਼ਾਮਾਂ ਢਲੇ।

*

## ਗ਼ਜ਼ਲ

ਕੋਈ ਹਮਦਮ ਨਾ ਖ਼ਾਦਮ ਨਾ ਕੋਈ ਵਾਕਫ਼ੀ ਜਾਪੇ।
ਰਹੇ ਕਿਸ਼ਤਾਂ ਜੋ ਖ਼ੁਰਦੀ ਉਹ ਕਾਹਤੋਂ ਜ਼ਿੰਦਗੀ ਜਾਪੇ।

ਕਦੇ ਮੁਜਰਾ ਕਦੇ ਪੂਜਾ ਕਦੇ ਇਹ ਬੰਸਰੀ ਜਾਪੇ,
ਕਦੇ ਚੁਪ-ਚਾਪ ਭਾਗਾਂ ਦੀ ਭੱਗੀ ਇਹ ਭਟਕਦੀ ਜਾਪੇ।

ਨਾ ਕੋਈ ਬਹਿਰ ਨਾ ਬੰਦਿਸ਼ ਨਾ ਸਰਗਮ ਇਸ਼ਕ ਦੀ ਇਥੇ,
ਇਹ ਤਨਹਾਈ ਦੇ ਨਗ਼ਮੇ ਵੇਦਨਾ ਦੇ ਹੀ ਵਲੀ ਜਾਪੇ।

ਮੈਂ ਜਿਸਦੀ ਮਾਰਫ਼ਤ ਹਾਂ ਉਹ ਭੁਲਾਵੇ ਬੇ ਸ਼ੁਭਾ ਮੈਨੂੰ,
ਇਹ ਕਰਦਾ ਸਬਰ ਫਿਰ ਵੀ ਰੋਜ਼ ਉਸ ਦੀ ਬੰਦਗੀ ਜਾਪੇ।

ਕਰੇ ਹਰ ਮੋੜ 'ਤੇ ਦਿਲ ਦਾ ਗਰਾਂ ਜਦ ਬੇਦਖ਼ਲ ਮੈਨੂੰ,
ਮੇਰੇ ਕਰਮਾਂ 'ਚ ਰਹਿੰਦੀ ਦਸ਼ਤ ਦੀ ਆਵਾਰਗੀ ਜਾਪੇ।

ਕਿਉਂ ਇਨ੍ਹਾਂ ਸਰਦਲਾਂ ਤੋਂ ਭਾਲਦੈਂ ਰੂਹ ਦੀ ਗ਼ਜ਼ਾ ਯਾਰਾ,
ਜਿਨ੍ਹਾਂ ਦੇ ਸ਼ਹਿਰ ਵਿਚ ਵਸਦੀ ਬੇਚਾਰੀ ਬੇਵਸੀ ਜਾਪੇ।

ਇਹ ਕੇਹੀ ਪਿਆਸ ਹੈ ਪੈਰਾਂ ਦੇ ਛਾਲੇ ਚੁੰਮਦੀ ਰਹਿੰਦੀ,
ਕਿ ਜਿਸਨੂੰ ਮਿਰਗ ਜਲ ਹਰ ਥਾਂ ਵਫ਼ਾ ਦੀ ਸੁਰਸਤੀ ਜਾਪੇ।

*

## ਗੀਤ

ਸਾਡੀ ਚੁੱਪ ਦੇ ਬੂਹੇ ਵੀ ਕੋਈ ਅਲਖ ਜਗਾ ਆ ਕੇ
ਪਲਕਾਂ 'ਤੇ ਗੀਤ ਖੜ੍ਹੇ ਤੂੰ ਮੋਢੇ ਲਾ ਆ ਕੇ

ਇਹ ਅੱਥਰੀ ਚੁਪ ਫ਼ਿਰੇ ਸ਼ਬਦਾਂ ਦੀ ਛਾਂ ਕਰ ਜਾ
ਜਾਂ ਭਟਕਣ ਲਈ ਇਸਨੂੰ ਦੋ ਹਰਫ਼ੀ ਨਾਂਹ ਕਰ ਜਾ
ਮਰ ਜਾਣੀ ਮਿੱਟੀ ਦਾ ਕੋਈ ਬੋਲ ਪੁਗਾਅ ਆ ਕੇ
ਸਾਡੀ ਚੁੱਪ ਦੇ ਬੂਹੇ ਵੀ....

ਇਕਲਾਪਾ ਨਿੱਤ ਫਿਰੇ ਕਬਰਾਂ ਦੀ ਸੁੱਖ ਮੰਗਦਾ
ਪਲ ਪਲ ਅਹਿਸਾਸ ਮਰੇ ਇਸ ਚੁੱਪ ਦੇ ਅੰਗ ਅੰਗ ਦਾ
ਹਸਦੀ ਹੈ ਸੁੰਨ ਸਰਾਂ ਸਾਡੇ ਵਿਹੜੇ ਆ ਆ ਕੇ
ਸਾਡੀ ਚੁੱਪ ਦੇ ਬੂਹੇ ਵੀ....

ਹਰ ਵਾਰੀ ਲਗਦੇ ਨਾ ਇਹ ਰੂਹਾਂ ਦੇ ਮੇਲੇ
ਝੱਲੀ ਨਾ ਜੋਗਣ ਮੈਂ ਨਾ ਪੌਣ ਕੋਈ ਖੇਲ੍ਹੇ
ਨਾ ਮੋਹ ਹੈ ਆਪੇ ਦਾ ਮੈਨੂੰ ਹੀਰ ਬਣਾ ਆ ਕੇ
ਸਾਡੀ ਚੁੱਪ ਦੇ ਬੂਹੇ ਵੀ....

ਕੋਈ ਭਰਮ ਜਲੀ ਦੇ ਜਾ ਹੋਣੀ ਦੀਆਂ ਰਾਹਵਾਂ ਨੂੰ
ਜਾਂ ਸਬਰ ਸੁਰਾਹੀ ਦੇ ਮੂੰਹ ਜ਼ੋਰ ਹਵਾਵਾਂ ਨੂੰ
ਜਾਂ ਪਿਆਸ ਦੇ ਰਾਹਾਂ ਤੇ ਸੂਰਜ ਨੂੰ ਵਿੱਛਾਅ ਆ ਕੇ
ਸਾਡੀ ਚੁੱਪ ਦੇ ਬੂਹੇ ਵੀ ਕੋਈ ਅਲਖ ਜਗਾਅ ਆ ਕੇ
ਪਲਕਾਂ 'ਤੇ ਗੀਤ ਖੜ੍ਹੇ ਤੂੰ ਮੋਢੇ ਲਾ ਆ ਕੇ

*

## ਗੀਤ

ਜੇ ਭਰੇਂ ਹੁੰਗਾਰਾ ਤਾਂ ਇਕ ਕਰਮ ਕਮਾਅ ਲਈਏ
ਤੇਰੇ ਖ਼ਤ ਦਿਆਂ ਸਾਹਾਂ ਨੂੰ ਸਾਹਾਂ 'ਚ ਵਸਾਅ ਲਈਏ

ਕਦੇ ਨਦੀਆਂ ਸਾਗਰ ਨੇ ਕਦੇ ਸਾਗਰ ਨੇ ਨਦੀਆਂ
ਤੇਰੀ ਮੇਰੀ ਪਿਆਸ ਹੀ ਹੈ ਇਹ ਰੂਹਾਂ ਭਟਕਦੀਆਂ
ਪੌਣਾਂ ਹਨ ਬੇਪ੍ਰਵਾਹ ਭੋਰਾ ਇਸ਼ਕ ਚੁਰਾਅ ਲਈਏ
ਜੇ ਭਰੇਂ ਹੁੰਗਾਰਾ ਤਾਂ....

ਬ੍ਰਿਹਾ ਦੇ ਸਾਗਰ ਨਾ ਤਾਂਘਾਂ ਬਿਨ ਤਰ ਹੁੰਦੇ
ਮੇਲੇ ਅਹਿਸਾਸਾਂ ਦੇ ਮੋਹ ਵਾਲੇ ਘਰ ਹੁੰਦੇ
ਦਮ ਦਾ ਨਾ ਯਾਰ ਵਸਾਹ ਇਨ੍ਹਾਂ ਨੂੰ ਲੇਖੇ ਲਾ ਲਈਏ
ਜੇ ਭਰੇਂ ਹੁੰਗਾਰਾ ਤਾਂ....

ਹਰ ਖ਼ਤ ਨੇ ਹੈ ਇਕ ਦਿਨ ਸੁਪਨੇ ਦੀ ਜੂਨ ਪੈਣਾ
ਤੇ ਯਾਦਾਂ ਨੇ ਆ ਕੇ ਇਹਦਾ ਸਿਵਾ ਜਗਾਅ ਲੈਣਾ
ਇਕ ਵਾਰ ਸਮਰਪਨ ਦਾ ਚੱਲ ਦੀਪ ਜਗਾਅ ਲਈਏ
ਜੇ ਭਰੇਂ ਹੁੰਗਾਰਾ ਤਾਂ....

ਵੱਸ ਤੇਰੇ ਨਾ ਮੇਰੇ ਦਿਲ ਦੇਣਾ ਤੇ ਦਿਲ ਲੈਣਾ
ਹੀਲਾ ਨਾ ਵਸੀਲਾ ਹੈ ਰੂਹਾਂ ਦਾ ਮਿਲ ਪੈਣਾ
ਮੇਲੇ ਸੰਯੋਗੀਂ ਨੇ ਇਸ ਪਲ ਦੀ ਦੁਆ ਲਈਏ
ਜੇ ਭਰੇਂ ਹੁੰਗਾਰਾ ਤਾਂ ਇਕ ਕਰਮ ਕਮਾਅ ਲਈਏ
ਤੇਰੇ ਖ਼ਤ ਦਿਆਂ ਸਾਹਾਂ ਨੂੰ ਸਾਹਾਂ 'ਚ ਵਸਾਅ ਕਈ ਲਈਏ

94177-87238

*



## ਚੋਣਵੇਂ ਸ਼ਿਅਰ

(ਰਵਿੰਦਰ ਅਨਾੜੀ)

* ਪਹਿਲੇ ਖ਼ੁਦ ਕੋ ਯਕੀਂ ਕੇ ਕਾਬਿਲ ਬਨਾਤੇ ਹੈਂ ਯਾਰ।
ਫਿਰ ਯਕੀਂ ਕੋ ਹੀ ਕਲੰਕਤ ਕਰ ਜਾਤੇ ਹੈਂ ਯਾਰ।

* ਪਟਾ ਹੈ ਜਿਸ ਕੇ ਮਾਲਿਕ ਕਾ, ਰੋਟੀ ਕੀ ਫਿਕਰ ਕੈਸੀ,
ਭੌਂਕਨਾ ਹੀ ਬਸ ਕਾਫੀ ਹੈ ਮਾਲਿਕ ਕੀ ਖ਼ਾਤਿਰ।

* ਚਾਹਤਾ ਹੈ ਦੇਖਨਾ ਉਸ ਕੀ ਰਜ਼ਾ ਕੋ,
ਤੋ ਚਲਾ ਜਾਹ ਕਿਸੀ ਝੋਂਪੜੀ ਮੇਂ,
ਜਿਸ ਨੇ ਬੱਚੋਂ ਕੋ ਮਿਹਨਤ ਕੀ ਰੋਟੀ ਦੀ,
ਔਰ ਜਮੀਂ ਪੇ ਸੁਲਾ ਦੀਆ।

* ਗੁਜ਼ਰੋ ਜਿਧਰ ਸੇ ਮਰਜ਼ੀ ਏਕ ਖਿਆਲ ਰੱਖਨਾ।
ਦਿਲ ਨਾ ਦੁਖੇ ਕਿਸੀ ਕਾ ਇਤਮੀਨਾਨ ਰੱਖਨਾ।

* ਜ਼ਰੂਰੀ ਨਹੀਂ ਹਰ ਮਾਸ਼ੂਕ ਕੀ ਖਾਤਿਰ
ਤਾਜ ਬਨਾਇਆ ਜਾਏ।
ਜ਼ਰੂਰੀ ਹੈ ਬਾਜ਼ੀ ਜਾਨ ਕੀ ਲਗਾ ਕਰ
ਮੁਮਤਾਜ ਕੋ ਬਚਾਇਆ ਜਾਏ।

* ਹਰ ਦੋਸਤੀ ਔਰ ਦੁਸ਼ਮਨੀ ਕੀ ਹੈ ਚਾਹਤ ਅਪਨੀ-ਅਪਨੀ।
ਨਿਭਾਤੇ ਕੈਸੇ ਹੈ ਸਮਝ ਅਪਨੀ-ਅਪਨੀ।

* ਜ਼ਿੰਦਗੀ ਕੀ ਹਕੀਕਤ ਹੈ ਦੁਨਿਆਵੀ ਕਾਟੋਂ ਸੇ ਭਰੀ,
ਵੁਹ ਹੀ ਗੁਲਾਬ ਨਿਕਲਾ ਜਿਸ ਨੇ ਹੱਸ ਕੇ ਗੁਜ਼ਾਰ ਦੀ।

* ਇਨਸਾਂ ਹੀ ਰਹਿਨੇ ਦੇ ਨਾ ਕੁਛ ਔਰ ਬਨਾ,
ਰੁਤਬਾ ਬਦਲ ਗਿਆ ਤੋਂ ਫਿਤਰਤ ਬਦਲ ਜਾਏਗੀ।

* ਪੱਥਰ ਕਾ ਕਿਆ ਕਸੂਰ, ਜੋ ਕਿਸੀ ਨੇ ਚਾਹਾ ਬਨਾ ਦੀਆ,
ਕਿਸੀ ਕੋ ਠੋਕਰੇਂ ਮਿਲੀ, ਕਿਸੀ ਕੋ ਸਿਜਦਾ ਮਿਲਾ।

* ਰੱਖਤਾ ਹੂੰ ਆਈਨਾ-ਏ-ਦਿਲ ਮੇਂ, ਦੋਸਤ-ਦੁਸ਼ਮਨੋ ਕੇ ਚਿਹਰੇ,
ਨਾ ਜਾਨੇ ਕਬ ਕਿਸ ਕੇ ਨਕਸ਼ੇ-ਕਦਮ ਪੇ ਚਲਨਾ ਪੜੇ।

* ਫ਼ਿਦਾ ਹੋ ਜਾਤਾ ਹੂੰ ਉਨਕੀ ਹਰ ਅਦਾ ਪੇ,
ਤਬੀ ਤੋਂ ਲੋਗ ਮੁਝੇ ਦੀਵਾਨਾ ਕਹਿਤੇ ਹੈਂ।

* ਖ਼ੁਦਾ ਕਾ ਸ਼ੁਕਰ ਹੈ ਵੁਹ ਕੁਛ ਕਹਿਨੇ ਲਾਇਕ ਹੋ ਗਏ,
ਯੇਹ ਮੇਰੀ ਨਜ਼ਰੋਂ ਕੀ ਖ਼ਤਾ ਹੈ ਮੈਂ ਉਨੇ ਸਮਝ ਨਾ ਪਾਇਆ।

* ਅੱਛਾ ਹੈ ਅਨਾੜੀ ਬਨ ਕੇ ਜ਼ਿੰਦਗੀ ਗੁਜ਼ਾਰਨਾ,
ਵਰਨਾ ਤਮਾਸ਼ਾ ਬਨਾ ਦੇਗੀ ਤਮਾਸ਼ਾਈ ਦੁਨੀਆ।

* ਮੁਝੇ ਅਜਨਬੀ ਨਾ ਸਮਝੋ ਐ ਮਹਿਫ਼ਲ ਵਾਲੋ,
ਕੱਲ੍ਹ ਤੱਕ ਮੈਂ ਵੀ ਥਾ ਬਸ਼ਿੰਦਾ ਇਸੀ ਸ਼ਹਿਰ ਕਾ।

* ਏਕ ਹੀ ਬਾਤ ਕਹਿਨੀ ਥੀ ਜੋ ਲਬ ਪੇ ਅਟਕ ਗਈ,
ਉਨ ਕਾ ਵੀ ਕਿਆ ਕਹਿਨਾ ਜੋ ਪਲ ਮੇਂ ਕਹਿ ਗਏ।

* ਕੋਸ਼ਿਸ਼ ਕਰ ਰਹਾ ਥਾ ਉਨ ਕੋ ਭੂਲ ਜਾਨੇ ਕੀ,
ਮਗਰ ਯਾਦ ਨੇ ਪਹਿਲੇ ਹੀ ਤੜਫਾ ਦੀਆ।

* ਹਮ ਬਦਲਤੇ ਨਹੀਂ ਖਿਆਲੋਂ ਕੋ ਵਕਤ ਕੇ ਸਾਥ,
ਖਿਆਲੋਂ ਸੇ ਹਮ ਵਕਤ ਕੋ ਬਦਲ ਦੇਤੇ ਹੈਂ।

* ਯੂੰ ਸਜ-ਧਜ ਕਰ ਘਰ ਸੇ ਨਿਕਲੇ ਵੋਹ,
ਜੈਸੇ ਸਿਤਾਰੋਂ ਕਾ ਕਾਫ਼ਲਾ ਗੁਜ਼ਰ ਰਹਾ ਹੋ।

* ਗੁਜ਼ਰ ਰਹੇ ਵਕਤ ਕੋ ਗ਼ਨੀਮਤ ਸਮਝੋ ਦੋਸਤੋ,
ਬੇਸ਼ੁਮਾਰ ਤਰਸਤੇ ਹੈਂ ਇਸੇ ਗੁਜ਼ਾਰਨੇ ਕੋ।

* ਤਖ਼ਤ ਪਰ ਬੈਠ ਕਰ ਜੋ ਖ਼ੁਦਾ ਕੋ ਯਾਦ ਨਹੀਂ ਕਰਤੇ,
ਖ਼ੁਦਾ ਕੀ ਕਸਮ ਦੇਖਾ ਹੈ ਉਨਹੇਂ ਬੇਮੌਤ ਮਰਤੇ।

* ਦੇਖਾ ਜੋ ਗੁਲਾਬ ਕਾਟੋਂ ਮੇਂ ਖਿਲਾ ਹੂਆ,
ਅਹਿਸਾਸ ਹੂਆ ਜ਼ਿੰਦਗੀ ਕਾ ਮਕਸਦ ਹੈ ਕਿਆ।

* ਰਫ਼ਤਾਰ-ਏ-ਜ਼ਿੰਦਗੀ ਤੇਜ ਹੋ ਗਈ,
ਮੌਤ ਭੀ ਉਤਨੀ ਕਰੀਬ ਹੋ ਗਈ।

* ਤਰੱਕੀ ਮੇਂ ਹਮ ਜ਼ਮੀਂ ਸੇ ਅਰਸ਼ ਪਰ ਪਹੁੰਚੇ,
ਫਿਤਰਤੇ-ਹਕੀਕਤ ਹਮ ਫਰਸ਼ ਪਰ ਆ ਗਿਰੇ।

* ਖ਼ੁਦਾ ਕੋ ਸਭੀ ਮਾਨਤੇ ਹੈਂ ਹਮ ਭੀ ਮਾਨਤੇ ਹੈਂ।
ਹਕੀਕਤ ਮੇਂ ਨਾ ਵੋਹ ਜਾਨਤੇ ਹੈਂ, ਨਾ ਹਮ ਜਾਨਤੇ ਹੈਂ।

01624-226743

*

## ਅੱਖਰਾਂ ਦੀ ਬਾਜ਼ੀ



(ਗੁਰਚਰਨ ਸਿੰਘ ਹੇਹਰ)

ਅੱਖਰਾਂ ਦੀ ਬਾਜ਼ੀ,
ਮੈਂ ਖੇਡਦਾ ਨਾ ਥੱਕਿਆ।
ਅਜੇ ਨਾ ਮੈਂ ਚੁੱਕੀ ਤਲਵਾਰ।

ਅਜੇ ਪੰਜੇ ਵੈਰੀ,
ਮੇਰੇ ਆਸੇ ਪਾਸੇ ਘੁੰਮਦੇ ਨੇ,
ਭੱਜ ਜਾਂਦੇ ਜਦੋਂ ਕਰਾਂ ਵਾਰ।

ਹਿੰਮਤਾਂ ਦੀ ਜੰਗ
ਕਦੇ ਹਾਰਨਾ ਨੀ ਸਿੱਖਿਆ,
ਸੀਸ ਮੇਰੇ ਹੱਥ ਕਰਤਾਰ।

ਪੱਤਝੜਾਂ ਮਾਣਦੇ
ਅਸੀਂ ਹਾਂ ਜਵਾਨ ਹੋਏ,
ਕਿੰਝ ਖਹਿੜਾ ਛੱਡੇਗੀ ਬਹਾਰ।

ਆਪਣੇ ਜੇ ਪੁੱਤ,
ਤੈਨੂੰ ਆਪਣੇ ਨੀ ਲਗਦੇ,
ਯਾਦ ਕਰ ਅਜੀਤ ਤੇ ਜੁਝਾਰ।

ਜ਼ੋਰਾਵਰ ਜ਼ਿੰਦਗੀ 'ਚ
ਫਤਹਿ ਪਾਉਂਦੇ ਸਦਾ ਲਈ,
ਦੱਸੇ ਸਰਹਿੰਦ ਦੀ ਦੀਵਾਰ।

ਚਾਰ ਮੁੱਕ ਗਏ ਤਾਂ
ਕੀ ਲੋਹੜਾ ਆ ਗਿਆ,
ਲੱਖਾਂ ਜੀਂਦੇ ਖਾਲਸੇ ਦੇ ਯਾਰ।

ਜਾਗ ਜਾਓ! ਛੇਤੀ ਕਿਤੇ
ਸਿੱਖਾਂ ਦਿਉ ਬੱਚਿਓ,
ਝੱਲਣੀ ਪਵੇ ਨਾ ਪੁੱਠੀ ਮਾਰ।

ਹੇਰਾਂ ਤੇਰੀ ਝੋਲੀ ਵਿਚ
ਏਹੋ ਖੇਡ ਖੇਡਣੀ,
ਜਿੱਤ ਜਿੱਤ ਹਰੀ ਜਾਵੇ ਹਾਰ।

*

## ਪਿੰਜਰੇ ਦੇ ਪੰਛੀ

ਬੜਾ ਧੋਖਾ ਕੀਤਾ, ਇਨ੍ਹਾਂ ਚੰਦਰੇ ਸ਼ਿਕਾਰੀਆਂ।
ਤੋੜ ਕੇ ਤੂੰ ਪਿੰਜਰਾ, ਮਾਰ ਜਾ ਉਡਾਰੀਆਂ।

ਹੁਣ ਪਤਾ ਲੱਗੂ ਤੈਨੂੰ, ਮੁੱਲ ਕੀ ਅਜ਼ਾਦੀ ਦਾ।
ਖੇਲ੍ਹ ਸ਼ੁਰੂ ਹੋ ਗਿਆ ਏ, ਤੇਰੀ ਬਰਬਾਦੀ ਦਾ।
ਮਿੱਠੇ ਦੀਆਂ ਗੋਲੀਆਂ ਵੀ, ਲਗਦੀਆਂ ਖਾਰੀਆਂ।
ਤੋੜ ਕੇ ਤੂੰ ਪਿੰਜਰਾ, ਮਾਰ ਜਾ ਉਡਾਰੀਆਂ।

ਝੂਠ ਤੈਨੂੰ ਲਗਦਾ ਸੀ, ਅੱਜ ਹੋਇਆ ਸੱਚ ਵੇ।
ਕਿਹਾ ਸੀ ਬਥੇਰਾ, ਰਹੀਂ ਦੁਨੀਆ ਤੋਂ ਬਚ ਵੇ।
ਦੁਨੀਆਂ ਦੋ-ਮੂੰਹੀਂ, ਇਹਦੇ ਦੋਨੋਂ ਪਾਸੇ ਆਰੀਆਂ।
ਤੋੜ ਕੇ ਤੂੰ ਪਿੰਜਰਾ, ਮਾਰ ਜਾਹ ਉਡਾਰੀਆਂ।

ਵੱਡੇ ਦਿਲਾਂ ਵਾਲੇ ਕਦੇ, ਹਿੰਮਤਾਂ ਨਾ ਹਾਰਦੇ।
ਕਰ ਕੇ ਵਸੀਲੇ ਵੇਖੇ, ਕੰਧਾਂ ਨੂੰ ਵੀ ਪਾੜਦੇ।
ਵਿਘਨ ਨਾ ਲੱਗੇ, ਪਾ ਕੇ ਡਾਢੇ ਨਾਲ ਯਾਰੀਆਂ।
ਤੋੜ ਕੇ ਤੂੰ ਪਿੰਜਰਾ, ਮਾਰ ਜਾਹ ਉਡਾਰੀਆਂ।

ਸੱਚ ਦੇ ਵਪਾਰੀ, ਪੱਲਾ ਛੱਡਦੇ ਨਾ ਆਸ ਦਾ।
ਕਰ ਦਿੰਦੇ ਪੈਂਡਾ ਇਕੋ, ਧਰਤੀ ਆਕਾਸ਼ ਦਾ।
'ਹੇਰਾਂ' ਫੇਰ ਜਿੱਤ ਲੈਂਦੇ, ਬਾਜ਼ੀਆਂ ਜੋ ਹਾਰੀਆਂ।
ਤੋੜ ਕੇ ਤੂੰ ਪਿੰਜਰਾ, ਮਾਰ ਜਾਹ ਉਡਾਰੀਆਂ।

*

# ਗੀਤ

ਕਦੋਂ ਟੱਕਰੇਂਗਾ ਮਿੱਤਰਾ ਪਿਆਰਿਆ,
ਦਰ ਦਰ ਲੱਭਦੀ ਫਿਰਾਂ।
ਮੈਂ ਤਾਂ ਤਨ ਮਨ ਤੇਰੇ ਉਤੋਂ ਵਾਰਿਆ,
ਦਰ ਦਰ ਲੱਭਦੀ ਫਿਰਾਂ।

ਤੇਰੇ ਹਿਜਰਾਂ ਤੇ ਮਾਰ ਗਏ ਨੇ ਸੱਲ੍ਹ ਵੇ,
ਬੜੀ ਔਖ 'ਚ ਗੁਜ਼ਾਰੇ ਅਸੀਂ ਪਲ ਵੇ।
ਕਦੋਂ ਸੱਚ ਵਿਚ ਬਦਲੇਂਗਾ ਲਾਰਿਆ,
ਦਰ ਦਰ ਲੱਭਦੀ ਫਿਰਾਂ।
ਕਦੋਂ ਟੱਕਰੇਂਗਾ ਮਿੱਤਰਾ ਪਿਆਰਿਆ,
ਦਰ ਦਰ ਲੱਭਦੀ ਫਿਰਾਂ।

ਨਾ ਜਾਣ ਸਾਂਭੀਆਂ ਬਹਾਰਾਂ ਕਿਤੇ ਖਿੰਡ ਵੇ,
ਖਿਜਾਂ ਆਪਣੀ ਪੁਗਾਉਣੀ ਹੁੰਦੀ ਹਿੰਡ ਵੇ।
ਨੇਰ੍ਹੀ ਦੇਵੇ ਨਾ ਉਜਾੜ ਤੈਨੂੰ ਢਾਰਿਆ,
ਦਰ ਦਰ ਲੱਭਦੀ ਫਿਰਾਂ।
ਕਦੋਂ ਟੱਕਰੇਂਗਾ ਮਿੱਤਰਾ ਪਿਆਰਿਆ,
ਦਰ ਦਰ ਲੱਭਦੀ ਫਿਰਾਂ।

ਇਹ ਤਾਂ ਉਮਰਾਂ ਦੇ ਯੋਗ ਤੇ ਵਿਯੋਗ ਨੇ,
ਕੀਤਾ ਕਮਲੀ ਹੈ ਬਿਰਹੋਂ ਦੇ ਰੋਗ ਨੇ।
'ਹੇਰਾਂ' ਜਿੰਦ ਮੁੱਕ ਚੱਲੀ ਦਿਲ ਹਾਰਿਆ।
ਕਦੋਂ ਟੱਕਰੇਂਗਾ ਮਿੱਤਰਾ ਪਿਆਰਿਆ,
ਦਰ ਦਰ ਲੱਭਦੀ ਫਿਰਾਂ..........।

*

## ਬਾਬਾ ਨਾਨਕ

ਮਿੱਠਾ ਮਿੱਠਾ ਸਦਾ ਹੀ ਬੋਲੇ,
ਕੌੜਾ ਕਦੇ ਨਾ ਬੋਲਦਾ।
ਸਈਓ ਨੀ! ਸੱਚ ਦੀ ਤੱਕੜੀ ਤੇ,
ਉਹ ਤੇਰਾਂ ਤੇਰਾਂ ਤੋਲਦਾ।

ਤ੍ਰਿਪਤਾ ਮਾਂ ਦਾ ਉਹ ਹੈ ਜਾਇਆ।
ਜੱਗ ਤਾਰਨ ਦੁਨੀਆਂ ਵਿਚ ਆਇਆ।
ਭਰਮਾਂ ਵਹਿਮਾਂ ਤੇ ਝੂਠਾਂ ਨੂੰ,
ਇਕ ਇਕ ਕਰਕੇ ਖੋਲ੍ਹਦਾ।
ਸਈਓ ਨੀ! ਸੱਚ ਦੀ ਤੱਕੜੀ ਤੇ,
ਉਹ ਤੇਰਾਂ ਤੇਰਾਂ ਤੋਲਦਾ।

ਪੜ੍ਹੇ ਹੋਏ ਨੂੰ ਕੌਣ ਪੜ੍ਹਾਵੇ।
ਪਾਧਾ ਵੀ ਪੜ੍ਹਨਾ ਭੁੱਲ ਜਾਵੇ।
ਧੁਰ ਦੀ ਬਾਣੀ ਲੈ ਕੇ ਆਇਆ,
ਵਿਚ ਅੰਮ੍ਰਿਤ ਰਸ ਘੋਲਦਾ।
ਸਈਓ ਨੀ! ਸੱਚ ਦੀ ਤੱਕੜੀ ਤੇ,
ਉਹ ਤੇਰਾਂ ਤੇਰਾਂ ਤੋਲਦਾ।

ਬਾਬਰ ਸੀ ਜਦ ਜਾਬਰ ਬਣਿਆ।
ਛਤਰ ਸੱਚ ਦਾ ਨਾਨਕ ਤਣਿਆ।
ਰਾਜੇ ਸੀਂਹ ਮੁਕੱਦਮ ਕੁੱਤੇ,
ਮੂੰਹ ਉਪਰ ਹੀ ਬੋਲਦਾ।
ਸਈਓ ਨੀ! ਸੱਚ ਦੀ ਤੱਕੜੀ ਤੇ,
ਉਹ ਤੇਰਾਂ ਤੇਰਾਂ ਤੋਲਦਾ।

ਨਾ ਉਸ ਹੰਕਾਰੀ ਨੂੰ ਭਾਉਂਦਾ।
ਉਹ ਹੈ ਲਾਲੋ ਦੇ ਘਰ ਆਉਂਦਾ।
ਰੁੱਖੀ-ਮਿੱਸੀ ਖਾਕੇ 'ਹੇਰਾਂ'
ਅੰਮ੍ਰਿਤ ਰਸ ਹੈ ਘੋਲਦਾ।
ਸਈਓ ਨੀ! ਸੱਚ ਦੀ ਤੱਕੜੀ ਤੇ,
ਉਹ ਤੇਰਾਂ ਤੇਰਾਂ ਤੋਲਦਾ।

94636-70704

*



## ਗੀਤ

(ਡਾ. ਸੁਖਦੇਵ ਸਿੰਘ ਰੂੰਮੀ)

ਲਾਉਂਦਾ ਰਹੇਂ ਲਾਰੇ ਚੰਨ ਵੇ
ਮੈਂ ਤਾਂ ਕਰਦੀ ਕਦੋਂ ਦੀ ਮੇਲਾ ਮੇਲਾ।
ਕਦੇ ਨਾ ਤੇਰਾ ਵਿਕੇ ਨਰਮਾ
ਹੁਣ ਆਖਦੈਂ ਸਰ੍ਹੋਂ ਨੂੰ ਪਿਆ ਤੇਲਾ।

ਅਸੀਂ ਜਾਣਾ ਰੁੱਸ ਚੰਨ ਵੇ
ਜੇ ਨਾ ਮੰਨੀ ਤੂੰ ਮੇਰੀ ਗੱਲ ਆਖੀ।
ਐਤਕੀਂ ਜਰੂਰ ਵੇਖਣੀ
ਤੇਰੇ ਨਾਲ ਜਾ ਕੇ ਸੋਹਣਿਆ ਵਿਸਾਖੀ।
ਨਹੀਂ ਪੇਕੇ ਤੁਰ ਜਾਊਂਗੀ
ਪਿੱਛੋਂ ਬਣ ਜੀਂ ਸਾਧ ਦਾ ਚੇਲਾ।
ਲਾਉਂਦਾ ਰਹੇਂ ਲਾਰੇ ਚੰਨ ਵੇ
ਮੈਂ ਤਾਂ ਕਰਦੀ ਕਦੋਂ ਦੀ ਮੇਲਾ ਮੇਲਾ।

ਕੱਲ੍ਹ ਆਈ ਸ਼ਹਿਰ ਘੁੰਮ ਕੇ
ਤੇਰੀ ਛੋਟੀਓਂ ਵੱਡੀ ਭਰਜਾਈ।
ਇਕ ਲਿਆਈ ਜੁੱਤੀ ਕੱਢਵੀਂ
ਨਾਲੇ ਖਾ ਕੇ ਕੁਲਫ਼ੀਆਂ ਆਈ।
ਤੂੰ ਤਾਂ ਵੇ ਕੰਜੂਸ ਵੱਡਿਆ
ਕਦੇ ਹੱਥ ਤੇ ਧਰੇਂ ਨਾ ਧੇਲਾ।
ਲਾਉਂਦਾ ਰਹੇਂ ਲਾਰੇ ਚੰਨ ਵੇ
ਮੈਂ ਤਾਂ ਕਰਦੀ ਕਦੋਂ ਦੀ ਮੇਲਾ ਮੇਲਾ।

ਮੇਲੇ ਜਾਣਾ ਟੌਰ੍ਹ ਕੱਢ ਕੇ
ਐਵੇਂ ਲਾ ਨਾ ਬਹਾਨੇ ਬਾਹਲੇ।
ਸੁਨਿਆਰੇ ਕੋਲ ਚੱਲ ਮੈਂ ਲੈਣੇ
ਕਾਂਟੇ ਕੰਨਾਂ ਨੂੰ ਝੁਬਲੀਆਂ ਵਾਲੇ।
ਬੇਬੇ ਤੋਂ ਲਕੋ ਕੇ ਰੱਖ ਲਈਂ
ਕਿਤੇ ਪਾ ਕੇ ਨਾ ਕੋਈ ਬੈਠ ਜੇ ਝਮੇਲਾ।

ਲਾਉਂਦਾ ਰਹੇਂ ਲਾਰੇ ਚੰਨ ਵੇ
ਮੈਂ ਤਾਂ ਕਰਦੀ ਕਦੋਂ ਦੀ ਮੇਲਾ ਮੇਲਾ।

ਤੂੰ ਵੀ ਬੰਨ੍ਹ ਪੱਗ ਪੋਚਵੀਂ
ਮੈਂ ਵੀ ਸੁੱਥਣ ਸੂਫ ਦੀ ਪਾਵਾਂ।
ਅੱਗੇ ਚੱਲ ਰੂੰਮੀ ਵਾਲਿਆ
ਤੇਰੇ ਮਗਰ ਮੇਲ੍ਹਦੀ ਆਵਾਂ।
ਛੇਤੀ ਛੇਤੀ ਪੱਬ ਚੱਕ ਲੈ
ਲੰਘ ਜਾਵੇ ਨਾ ਸ਼ਹਿਰ ਵਾਲਾ ਠੇਲ੍ਹਾ।
ਲਾਉਂਦਾ ਰਹੇਂ ਲਾਰੇ ਚੰਨ ਵੇ
ਮੈਂ ਤਾਂ ਕਰਦੀ ਕਦੋਂ ਦੀ ਮੇਲਾ ਮੇਲਾ।

*

## ਗੀਤ

ਦੁੱਧ ਦੇ ਛੰਨੇ 'ਚ ਗੁੜ ਟਿੱਕੀਆਂ ਦਾ ਘੋਲਣਾ।
ਆ ਜਾ ਦੋਨੋਂ ਬਹਿ ਕੇ ਪੀਏ ਘੁੱਟਾ-ਬਾਟੀ ਢੋਲਣਾ।

ਨਾਲੋ ਨਾਲ ਗੁੜ ਨਾਲੇ ਘੁਲਿਆ ਸ਼ਬਾਬ ਵੇ।
ਏਦੂੰ ਵੱਧ ਨਸ਼ੇ ਵਾਲੀ ਹੋਊ ਕੀ ਸ਼ਰਾਬ ਵੇ।
ਨਸ਼ੇ 'ਚ ਹੋਇਆਂ ਚੂਰ ਪੈਣਾ ਠੇਕਾ ਨਹੀਂਓ ਟੋਲਣਾ।
ਦੁੱਧ ਦੇ ਛੰਨੇ 'ਚ ਗੁੜ ਟਿੱਕੀਆਂ ਦਾ ਘੋਲਣਾ।

ਸੱਚੀਆਂ ਮੁਹੱਬਤਾਂ ਜੇ ਆਈਆਂ ਹੋਣ ਰਾਸ ਵੇ।
ਦੂਣੀ ਚੌਣੀ ਲਗਦੀ ਏ ਥੋੜੀ ਵੀ ਮਿਠਾਸ ਵੇ।
ਤਪਦੇ ਥਲਾਂ 'ਚ ਪੈਦਾਂ ਤਨ ਨਹੀਓਂ ਰੋਲਣਾ।
ਦੁੱਧ ਦੇ ਛੰਨੇ 'ਚ ਗੁੜ ਟਿੱਕੀਆਂ ਦਾ ਘੋਲਣਾ।

ਹੋ ਜਾਵੇ ਦਿਲ ਦੀ ਚੰਨਾ ਜੇ ਰੀਝ ਪੂਰੀ ਵੇ।
ਲਗਦਾ ਰੋਜ਼ਾਨਾ ਰੰਗ ਧੁੱਪਾਂ ਦਾ ਸੰਧੂਰੀ ਵੇ।
ਇਸ਼ਕੇ ਕਿਤਾਬ ਵਾਲਾ ਨਵਾਂ ਸਫ਼ਾ ਫੋਲਣਾ।
ਦੁੱਧ ਦੇ ਛੰਨੇ 'ਚ ਗੁੜ ਟਿੱਕੀਆਂ ਦਾ ਘੋਲਣਾ।

ਚਿੱਤ ਕਰੇ ਅੱਖੋਂ ਓਹਲੇ ਹੋਵੇਂ ਨਾ ਤੂੰ ਬਿੰਦ ਵੇ।
ਏਸੇ ਗੱਲੋਂ ਸੜਦਾ ਏ ਸਾਰਾ ਰੂੰਮੀ ਪਿੰਡ ਵੇ।
ਭਾਬੀਆਂ ਵੀ ਤੇਰੀਆਂ ਨੇ ਛੱਡ ਦਿਤਾ ਬੋਲਣਾ।
ਦੁੱਧ ਦੇ ਛੰਨੇ 'ਚ ਗੁੜ ਟਿੱਕੀਆਂ ਦਾ ਘੋਲਣਾ।
ਆ ਜਾ ਦੋਨੋਂ ਬਹਿ ਕੇ ਪੀਏ ਘੁੱਟਾ-ਬਾਟੀ ਢੋਲਣਾ।

*

## ਗੀਤ

ਨਵਾਂ ਹੀ ਸੁਆ ਕੇ ਪਾਇਆ ਝੱਗਾ ਮੋਤੀਆ।
ਚਿਣ ਚਿਣ ਬੰਨ੍ਹੀ ਨਾਲੇ ਪੱਗ ਤੋਤੀਆ।
ਤਿੱਲੇਦਾਰ ਜੁੱਤੀ ਡਾਢ੍ਹੀ ਪੈਰੀਂ ਫੱਬੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

ਫੌਜੀ ਆ ਰਟਾਇਰ ਸਹੁਰਾ ਬੰਦਾ ਕੰਮ ਦਾ।
ਕੋਟਾ ਵੀ ਲਿਆਇਆ ਹੋਊ ਜਾ ਕੇ ਰੰਮ ਦਾ।
ਛਿੱਟ-ਛਿੱਟ ਲਾਉਣੀ ਪਊ ਭਾਵੇਂ ਛੱਡੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

ਸੱਸ ਨੇ ਨਿਤਾਰਿਆ ਹੋਊ ਘਿਓ ਘਰ ਦਾ।
ਦੇਸੀ ਖੰਡ ਤੇ ਫਿਰੂਗਾ ਪਾਣੀ ਵਾਂਗੂੰ ਤਰਦਾ।
ਉਹਦੀ ਚਾਅ ਵਿਚ ਲੱਗਦੀ ਨਾ ਭੁੰਜੇ ਅੱਡੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

ਆਖਿਆ ਵਥੇਰਾ ਸੀ ਮੈਂ ਨਹੀਂ ਦੀਪ ਨਹੀਂ।
ਪੇਕੀਂ ਜਾ ਕੇ ਬਹੁਤਾ ਰਹਿਣਾ ਹੁੰਦਾ ਠੀਕ ਨਹੀਂ।
ਮੰਨਦੀ ਨਹੀਂ ਗੱਲ ਉਹ ਸ਼ੌਕੀਨ ਵੱਡੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

ਆਪਣੇ ਵੱਲੋਂ ਤਾਂ ਗੱਲਾਂ ਮਾਰ ਮਿੱਠੀਆਂ।
ਲਿਖ ਲਿਖ ਪਾਈਆਂ ਕਈ ਵਾਰ ਚਿੱਠੀਆਂ।
ਟੈਲੀਫ਼ੂਨ ਕਰ ਕਈ ਵਾਰ ਸੱਦੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

ਟਿੱਚਰ ਕਰੂਗੀ ਸਾਲੀ ਥੋੜ੍ਹਾ ਸੰਗ ਕੇ।
'ਰੂੰਮੀ' ਵਾਲਿਆ ਵੇ ਕੀਹਦੀ ਤੂੰ ਲਿਆਇਆ ਮੰਗ ਕੇ।
ਤੋਤੇ ਰੰਗੀ ਪੱਗ ਜਿਹੜੀ ਤੇਰੇ ਬੱਧੀ ਆ।
ਸਹੁਰਿਆਂ ਨੂੰ ਜਾਣਾ ਤਾਹੀਂ ਟੋਰ੍ਹ ਕੱਢੀ ਆ।

98149-32700

*

## ਹਿੰਸਾ

(ਪੂਰਨ ਕਾਉਂਕੇ)



ਅਹਿੰਸਾ ਦੇ ਪੁਜਾਰੀ,
ਹਿੰਸਾ ਕੇਵਲ ਇਹੀ ਨਹੀਂ ਹੁੰਦੀ
ਕਿ ਕੋਈ ਕਿਸੇ ਦਾ ਕਤਲ ਕਰ ਦੇਵੇ,
ਖੂਨ ਵਹਾ ਦੇਵੇ,
ਨਿੱਜੀ ਸਵਾਰਥਾਂ ਲਈ
ਜਾਂ ਫਿਰ
ਦੰਗੇ ਭੜਕਾ ਦੇਵੇ।

ਹਿੰਸਾ ਤਾਂ ਇਹ ਵੀ ਹੁੰਦੀ ਹੈ
ਕਿ
ਕਿਸੇ ਨੂੰ ਬਿਨਾਂ ਕੁਝ ਕਹੇ
ਖਾਮੋਸ਼ ਅੱਤਿਆਚਾਰ ਕਰਦੇ ਰਹੀਏ
ਤੇ ਪਾਲ਼ਦੇ ਰਹੀਏ ਖਚਰੇ ਹਾਸੇ,
ਸਾਧੂਆਂ ਦੇ ਭੇਸ ਵਿਚ
ਸੱਜਣ ਠੱਗ ਹੋਣਾ ਵੀ ਤਾਂ
ਹਿੰਸਾ ਹੁੰਦੀ ਹੈ।

ਆਪਣੀ ਹੋਂਦ ਨੂੰ ਬਰਕਰਾਰ
ਰੱਖਣ ਲਈ
ਦੂਸਰਿਆਂ ਦੀ ਹੋਂਦ ਲਈ
ਬਣ ਜਾਣਾ ਖਤਰਾ
ਤੇ ਬਿਨਾਂ ਸੋਚੇ ਸਮਝੇ
ਦਾਗ ਦੇਣਾ ਕੋਈ ਵੀ ਬਿਆਨ,
ਮੁੱਕਰ ਜਾਣਾ
ਲੋੜ ਪੈਣ ਤੇ
ਇਹ ਵੀ ਤਾਂ ਹਿੰਸਾ ਹੁੰਦੀ ਹੈ।

ਸ਼ਬਦਾਂ ਦੇ ਅਰਥਾਂ ਦਾ
ਅਨਰਥ ਕਰਦਿਆਂ
ਵਕਤ ਨੂੰ ਮੋੜ ਦੇਣਾ,
ਢਾਲ ਦੇਣਾ ਕਰੂਪ ਢਾਂਚੇ 'ਚ
ਸਰਘੀ ਦੇ ਸੂਰਜ ਨੂੰ
ਲਾਲਚ ਦੀ ਸੂਲ਼ੀ 'ਤੇ
ਪੁੱਠਾ ਲਟਕਾ ਦੇਣਾ
ਇਹ ਵੀ ਤਾਂ ਹਿੰਸਾ ਹੁੰਦੀ ਹੈ।

ਅਹਿੰਸਾ ਦੀ ਮਾਲ਼ਾ ਜਪਦਿਆਂ
ਖ਼ੁੱਦਾਰੀ ਦੀ ਧਾਰ ਨੂੰ
ਖੁੰਢਾ ਕਰ ਦੇਣਾ
'ਤੇ ਹੱਥ ਤੇ ਹੱਥ ਧਰ
ਬੁਜ਼ਦਿਲੀ ਦਾ ਨਾਚ ਦੇਖਣਾ,
ਕੁਝ ਕਰ ਗੁਜ਼ਰਨ ਦੀ ਲਾਲਸਾ
ਨੂੰ ਜੜੋਂ ਪੁੱਟ ਦੇਣਾ,
ਸੂਰਜ ਦੀ ਲੋਅ ਨੂੰ
ਦੀਵਿਆਂ ਸੰਗ ਤੋਲਣਾ,
ਜੁਗਨੂੰਆਂ ਦੇ ਫਨ੍ਹਾ ਹੋਣ ਨੂੰ
ਸਿਰ ਫਿਰੀ ਸੋਚ ਗਰਦਾਨ ਦੇਣਾ
ਇਹ ਵੀ ਤਾਂ ਹਿੰਸਾ ਹੁੰਦੀ ਹੈ।

ਇਹ ਸਭ ਕੁਝ ਹੋਣ ਦੇ ਬਾਵਜੂਦ
ਜੇ ਫਿਰ ਵੀ
ਅਹਿੰਸਾ ਦਾ ਪਾਠ
ਜਬਰੀ ਯਾਦ ਕਰਵਾਇਆ ਜਾਂਦਾ ਹੈ
ਤਾਂ ਮੈਂ
ਇਸ ਨੂੰ ਯਾਦ ਕਰਨ ਤੋਂ ਮੁਨਕਰ ਹਾਂ
ਕਿਉਂਕਿ
ਅਹਿੰਸਾ 'ਚ ਵੀ ਤਾਂ ਹਿੰਸਾ ਹੁੰਦੀ ਹੈ।

*

# ਜ਼ਿੰਦਗੀ

ਅਸੀਂ ਤਾਂ
ਜ਼ਿੰਦਗੀ ਜਿਉਣ ਆਏ ਸਾਂ
ਨਹੀਂ ਪਤਾ ਸੀ
ਕਿ ਇਥੇ ਤਾਂ
ਅਹਿਸਾਨ ਉਤਾਰੇ ਜਾਂਦੇ ਨੇ
ਬਸ ਕੁਝ ਇਸ ਤਰ੍ਹਾਂ ਹੀ
ਦਿਨ ਗੁਜ਼ਾਰੇ ਜਾਂਦੇ ਨੇ...

ਨਹੀਂ ਸੀ ਪਤਾ
ਕਿ
ਸਾਡਾ ਆਉਣਾ ਤਾਂ ਸੀ
ਮਹਿਜ ਜਿਸਮ-ਸਮਾਗਮ
ਨਹੀਂ ਸੀ ਜਾਣਦੇ
ਕਿ
ਬੰਧਨਾਂ ਦੀ ਪਰਕਰਮਾਂ ਕਰਦੇ
ਸੁਣਦੇ ਰਹਾਂਗੇ ਦੇਹੀ-ਨਾਦ...

ਨਹੀਂ ਸੀ ਜਾਣਦੇ
ਕਿ
ਰੂਹਾਂ ਦਾ ਮੇਲ
ਮਹਿਜ
ਇਕ ਭਰਮ
ਤੇ ਇੱਛਾ ਪੂਰਤੀ ਪਿੱਛੋਂ
ਹੋਵੇਗਾ ਬੇ-ਮੇਲ...

ਨਹੀਂ ਸੀ ਜਾਣਦੇ
ਕਿ ਉਮਰਾਂ ਦੇ ਪੰਧ ਤੇ
ਰਹਾਂਗੇ ਟਿੰਡਾਂ ਬਣ ਗਿੜਦੇ
ਰਸਮਾਂ ਦੇ ਕਰਜ਼ਈ
ਫ਼ਰਜਾਂ ਦੀ ਚੱਕੀ ਪੀਸ ਦਿਆਂ
ਅਨਹਦ ਨਾਦ ਨੂੰ ਉਡੀਕਦੇ
ਸੂਰਜ ਢਲ ਜਾਵੇਗਾ
ਨਹੀਂ ਸੀ ਜਾਣਦੇ।

*

## ਪੈੜ ਦਾ ਸਫਰ

ਮੈਂ ਤਾਂ,
ਉਦੋਂ ਵੀ ਉਥੇ ਹੀ ਖੜ੍ਹਾ ਸਾਂ
ਜਿੱਥੋਂ ਤੇਰੇ ਕਦਮਾਂ ਦੇ ਨਿਸ਼ਾਨ
ਮੇਰੀ ਰਹਿਨੁਮਾਈ ਕਰਦੇ ਰਹੇ ਸਨ।

ਮੇਰਾ ਸਫਰ
ਮੇਰੀ
ਮੰਜਿਲ,
ਸ਼ਾਇਦ
ਤੇਰੀਆਂ ਪੁੱਟੀਆਂ ਪੈੜਾਂ ਨਾਲ
ਤਹਿ ਹੁੰਦੀ।

ਇਹ ਤਾਂ ਤੁਸੀਂ ਹੀ ਸੀ
ਜੋ ਪੈੜਾਂ ਛੱਡੇ ਬਿਨਾਂ ਹੀ
ਪਰਾਂ ਦੇ ਜ਼ੋਰ
ਉਡਾਰੀ ਮਾਰ ਗਏ
ਤੇ ਮੈਂ
ਪੈੜਾਂ ਦੇ ਨਿਸ਼ਾਨਾਂ ਦੀ ਉਡੀਕ ਵਿਚ
ਰੋਹੀ ਦਾ ਰੁੱਖ ਹੋ ਗਿਆ।

ਇਹ ਤਾਂ ਮੈਂ ਹੀ ਹਾਂ
ਜੋ ਅੱਜ ਵੀ ਉਥੇ ਹੀ ਖੜ੍ਹਾ ਹਾਂ
ਜਿੱਥੇ ਤੁਸੀਂ ਛੱਡ ਗਏ।

98157-34540

*



## ਗ਼ਜ਼ਲਾਂ

(ਗੁਰਜੀਤ ਸਹੋਤਾ)

ਦੁਪਹਿਰਾ ਢਲਣ 'ਤੇ ਆਇਆ ਸਲਾਹਾਂ ਕਰਦਿਆਂ ਨੂੰ।
ਖੜ੍ਹੇ ਬਸ ਦੇਖਦੇ ਨੇ ਉਹ ਕਿਨਾਰੇ ਖ਼ਰਦਿਆਂ ਨੂੰ।

ਅਜੇ ਅੱਖਾਂ ਦੇ ਜਾਲ਼ੇ ਦੂਰ ਨਾ ਹੋਏ 'ਇਨ੍ਹਾਂ' ਦੇ,
ਕਿਵੇਂ ਦੇਖਣ 'ਉਨ੍ਹਾਂ' ਦੇ ਓਹਲਿਆਂ ਨੂੰ ਪਰਦਿਆਂ ਨੂੰ।

ਬੜੀ ਵਾਰੀ ਹੈ ਦੇਖੀ ਤੋਰ ਮੱਠੀ ਕਾਫ਼ਲੇ ਦੀ,
ਨਹੀਂ ਸੀ ਦੇਖਿਆ ਏਦਾਂ 'ਇਨ੍ਹਾਂ' ਨੂੰ ਹਰਦਿਆਂ ਨੂੰ।

ਚਿਰਾਂ ਤੋਂ ਏਸ ਉਲਝਣ ਵਿਚ ਹਾਂ ਕਿ ਰਿਸ਼ਤਿਆਂ 'ਚੋਂ,
ਨਹੀਂ ਪਹਿਚਾਣ ਸਕਿਆ ਅਪਨਿਆਂ ਨੂੰ, ਘਰਦਿਆਂ ਨੂੰ।

ਨਹੀਂ ਸਰਕੀ ਰੱਤੀ-ਭਰ ਰਾਤ ਦੀ ਕੰਨੀ ਕਿਤੋਂ ਵੀ,
ਬੜਾ ਚਿਰ ਹੋ ਗਿਆ ਦੀਵੇ ਬਨੇਰੇ ਧਰਦਿਆਂ ਨੂੰ।

'ਇਨ੍ਹਾਂ' ਦੇ ਸੀਨਿਆਂ ਅੰਦਰ ਮਚਾਓ ਲਾਟ ਐਸੀ,
ਮਿਲੇ ਗਰਮੀ 'ਇਨ੍ਹਾਂ' ਨੂੰ ਵੀ ਦੁਪਹਿਰੇ ਠਰਦਿਆਂ ਨੂੰ।

*

✪

ਹਰ ਜਣੇ ਦੀ ਸੋਚ ਨੂੰ ਬਸ ਖਾ ਰਿਹਾ ਇਕ ਤੌਖ਼ਲਾ।
ਵੈਣ, ਚੀਕਾਂ, ਹਉਕਿਆਂ ਦਾ ਮੁੱਕਣੈ ਕਦ ਸਿਲਸਿਲਾ।

ਬਿਜਲੀਆਂ ਨੇ ਫੂਕ ਸੁੱਟੇ ਆਲ੍ਹਣੇ ਬੋਟਾਂ ਸਣੇ,
ਪੰਛੀਆਂ ਵਿਚ ਫੇਰ ਵੀ ਪਰ ਜਿਉਣ ਦੀ ਹੈ ਲਾਲਸਾ।

ਜੋ ਇਕੱਲਾ ਹੀ ਸਮੁੰਦਰ ਤਰਨ ਲਈ ਸੀ ਤੁਰ ਪਿਆ,
ਵੇਖ ਕੇ ਛੱਲਾਂ ਦਾ ਏਕਾ ਉਹ ਘਰਾਂ ਨੂੰ ਪਰਤਿਆ।

ਜੋਸ਼ ਹੈ, ਜਜ਼ਬਾਤ ਹਨ ਪਰ ਹੋਸ਼ ਇਸ ਦੇ ਗੁੰਮ ਨੇ,
ਸੇਧ-ਹੀਣਾ, ਬੇ-ਨਿਸ਼ਾਨਾ ਜਾ ਰਿਹਾ ਹੈ ਕਾਫ਼ਲਾ।

ਆਪ ਹੀ ਜੰਗਲ਼ ਦੀ ਰਾਖੀ ਬਾਜ਼ ਦੇ ਹੱਥ ਸੌਂਪ ਕੇ,
ਹੁਣ ਕਬੂਤਰ ਆਖਦੇ ਨੇ ਭੁੱਲ ਗਏ ਹਾਂ ਗੁਟਕਣਾ।

ਤੁਰ ਪਏ ਹਾਂ ਦੋਸਤੋ! ਤਲ਼ੀਆਂ ’ਤੇ ਦੀਵੇ ਬਾਲ਼ ਕੇ,
ਪਰਖਿਆ ਜਾਣਾ ਉਨ੍ਹਾਂ ਦਾ ਜ਼ੋਰ, ਸਾਡਾ ਹੌਸਲਾ।

*

✪

ਬੜੇ ਭੋਲ਼ੇ, ਬੜੇ ਨਾਦਾਨ ਨੇ ਲੋਕੀ ਗਰਾਂ ਦੇ।
ਨਹੀਂ ਇਹ ਜਾਣਦੇ ਵਲ਼-ਫੇਰ ਇਨ੍ਹਾਂ ਰਹਿਬਰਾਂ ਦੇ।

ਫਿਜ਼ਾ ਵਿਚ ਇਸ ਤਰ੍ਹਾਂ ਹੈ ਚੁੱਪ, ਡਰ ਤੇ ਸਹਿਮ ਛਾਇਆ,
ਡਰਾਉਣੇ ਕੰਧ-ਕੌਲ਼ੇ ਜਾਪਦੇ ਹੁਣ ਤਾਂ ਘਰਾਂ ਦੇ।

ਤੁਸੀਂ ਹੁਣ ਆਖਦੇ ਹੋ ਇਹ ਖ਼ੁਦਾਈ ਕਹਿਰ ਸੀਗਾ,
ਫੜਾ ਕੇ ਆਪ ਹੀ ਤਲਵਾਰ ਹੱਥੀਂ ਚੋਬਰਾਂ ਦੇ।

ਵਟਾ ਕੇ ਭੇਸ ਆਪੇ ਹੀ ਦੁਪਹਿਰਾਂ ਲੁੱਟ ਲੈਂਦੇ,
ਰਵੀ ਇਸ ਸ਼ਹਿਰ ਮੇਰੇ ਦੇ ਨੇ ਦੇਖੋ ਕਿਸ ਤਰ੍ਹਾਂ ਦੇ।

ਉਨ੍ਹਾਂ ਨੇ ਜਸ਼ਨ ਮੌਕੇ ਜੋ ਰਿਹਾਅ ਕੀਤੇ ਨੇ ਪੰਛੀ,
ਉਡਾਣਾਂ ਭਰਨਗੇ ਕਿੱਦਾਂ ਭਲਾ ਹੁਣ ਬਿਨ ਪਰਾਂ ਦੇ।

*

✪

ਜੋ ਤੁਰੇ ਸਨ ਸਿਰ ਹਥੇਲੀ ’ਤੇ ਟਿਕਾ ਕੇ।
ਪਰਤ ਆਏ ਨੇ ਘਰਾਂ ਨੂੰ ਸਿਰ ਗੁਆ ਕੇ।

ਏਸ ਧਰਤੀ ਤੋਂ ਹਨੇਰਾ ਹੂੰਝ ਪਹਿਲਾਂ,
ਫੇਰ ਰੱਖੀਂ ਚੰਨ ’ਤੇ ਦੀਵੇ ਜਗਾ ਕੇ।

ਖ਼ੂਬ ਹੈ ਤੇਰੀ ਸ੍ਰਿਸ਼ਟੀ ਐ ਖੁਦਾ! ਪਰ,
ਕਿਸ ਤਰ੍ਹਾਂ ਦਾ ਭੇਜਿਆ ਬੰਦਾ ਬਣਾ ਕੇ?

ਕਿੰਗਰੇ ਦਿੱਲੀ ਦੇ ਭੰਨਣ ਜੋ ਗਿਆ ਸੀ,
ਬਹਿ ਗਿਆ ਉਸ ਦੀ ਸਭਾ ਵਿਚ ਸਜ-ਸਜਾ ਕੇ।

ਫੇਰ ਆਇਆ ਹੈ ਮਦਾਰੀ ਸ਼ਹਿਰ ਅੰਦਰ,
ਫਿਰ ਨਚਾਊ ਭੀੜ ਨੂੰ ਡੌਰੂ ਵਜਾ ਕੇ।

ਝੱਖੜਾਂ ਨੇ ਝੰਬਿਆ ਹੈ ਬਾਗ਼ ਸਾਰਾ,
ਫੁੱਲ ਕਿੱਦਾਂ ਰੱਖਦੇ ਮਹਿਕਾਂ ਬਚਾ ਕੇ।

ਮਰਨ ਮਗਰੋਂ ਨਾ ਬਹਿਸ਼ਤਾਂ ਦੀ ਤਮੰਨਾ,
ਜਿਉਂਦਿਆਂ ਵਸਣੈਂ ਸਵਰਗਾਂ ਨੂੰ ਵਸਾ ਕੇ।

81462-51120

*

# ਹਵਾ ਦਾ ਗੀਤ

(ਜਗਜੀਤ ਜੀਤ)



ਹਵਾ ਦਾ ਕੋਈ ਗੀਤ ਨਹੀਂ ਹੈ
ਹਵਾ ਦਾ ਕੋਈ ਗੀਤ ਵੀ ਹੈ।
ਬੁੱਢੀ ਮਾਈ ਵਾਂਗਰ ਉੱਡਦੀ
ਜ਼ਿੰਦਗੀ ਦੀ ਕੋਈ ਰੀਤ ਨਹੀਂ ਹੈ
ਜ਼ਿੰਦਗੀ ਦੀ ਕੋਈ ਰੀਤ ਵੀ ਹੈ।

ਹਵਾ ਕਦੇ ਜਦ ਖ਼ੁਸ਼ ਹੁੰਦੀ ਹੈ
ਮਾਂ ਦੀ ਲੋਰੀ ਸੁਣਾਉਂਦੀ ਹੈ
ਹਵਾ ਕਦੇ ਜਦ ਖ਼ੁਸ਼ ਹੁੰਦੀ ਹੈ
ਮਾਸ਼ੂਕ ਵਾਂਗ ਗੁਣਗੁਣਾਉਂਦੀ ਹੈ
ਹਵਾ ਜਦੋਂ ਗਮਗੀਨ ਹੁੰਦੀ ਹੈ
ਚੁੱਪ ਚਾਪ ਕੁਰਲਾਉਂਦੀ ਹੈ

ਹਵਾ ਜਦੋਂ ਵੀ ਰੋਹ ਵਿਚ ਆਉਂਦੀ
ਫਿਰ ਚੁੱਪ ਕਦੇ ਨਾ ਹੁੰਦੀ ਹੈ
ਕਦੇ ਰੂਸੋ ਹੋ ਵਗਦੀ ਫਿਰ ਇਹ
ਕਦੇ ਮਾਰਕਸ ਹੋ ਸ਼ੂਕਦੀ ਹੈ।
ਕਦੇ ਭਗਤ ਸਿੰਘ ਹੋ ਦਹਾੜਦੀ ਇਹ
ਕਦੇ ਮਾਓ ਹੋ ਲਲਕਾਰਦੀ ਹੈ
ਹਵਾ ਦਾ ਕੋਈ ਗੀਤ ਵੀ ਹੈ
ਹਵਾ ਦਾ ਕੋਈ ਗੀਤ ਨਹੀਂ ਹੈ
ਹਵਾ ਭਟਕਦੀ ਫਿਰਦੀ ਹੈ

*

## ਚੱਲ ਮੁਸਕਾ ਦੇਈਏ

ਆਵੇਂਗਾ ਜਦ ਸਾਡੇ ਸ਼ਹਿਰ
ਵੇਖੇਂਗਾ ਸਭ ਹਸਦੇ ਚਿਹਰੇ
ਰਮਤੇ ਗਾਉਂਦੇ ਅੱਠੇ ਪਹਿਰ
ਚੱਲ ਮੁਸਕਾ ਦੇਈਏ।

ਏਥੇ ਨਾ ਦਿਲਗੀਰ ਕੋਈ,
ਨਾ ਜਾਤ ਪਾਤ ਦਾ ਪੀਰ ਕੋਈ
ਕਿਤੇ ਭੀੜ 'ਚ ਗੁੰਮ-ਸੁੰਮ ਰਮਿਆ-ਰਮਿਆ
ਤੈਨੂੰ ਟੱਕਰ ਜਾਣਾ ਏ
ਨਾ ਜਪਦਾ ਤੇਰਾ ਫ਼ਕੀਰ ਕੋਈ।
ਏਥੇ ਸਾਰੇ ਹਸਦੇ ਚਿਹਰੇ ਨੇ
ਤੂੰ ਵੀ ਚਿਹਰਾ ਹਸਦਾ ਰੱਖੀਂ
ਚਾਹੇ ਝੂਠਾ-ਝੂਠਾ ਹਾਸਾ
ਨਾ ਬੀਤੇ ਨੂੰ ਯਾਦ ਕਰੀਂ ਤੂੰ
ਨਾ ਹੀ ਉਸ ਫ਼ਕੀਰ ਨੂੰ ਪੁੱਛੀਂ
ਕਿਉਂ ਉਹ ਤੇਰਾ ਨਾਂ ਜਪਦਾ ਏ
ਰੋਜ਼ ਹੀ ਆਪਣੀ ਰੂਹ ਦਾ ਟੁਕੜਾ
ਆਪਣੇ ਖਿਆਲਾਂ ਦੀ ਧੂਣੀ ਵਿਚ
ਹੌਲੇ ਜਿਹੇ ਉਹ ਕਿਉਂ ਧਰਦਾ ਏਂ
ਗਿਆ ਵਕਤ ਨਾ ਮੁੜ ਫਿਰ ਆਵੇ
ਨਾ ਮੁੜੇ ਨਦੀ ਦਾ ਨੀਰ
ਚੱਲ ਮੁਸਕਾ ਦੇਈਏ।

ਤੂੰ ਜਦ ਆਵੇਂ ਸਾਡੇ ਸ਼ਹਿਰ
ਰੂਹ ਤਰਸ ਨਾਲ,
ਦਿਲ ਦਰਦ ਨਾਲ ਭਰ ਕੇ ਆਵੀਂ
ਬਸ ਆਪਣੀ ਨਜ਼ਰਾਂ ਦੀ ਭਿੱਖਿਆ
ਉਸ ਫ਼ਕੀਰ ਦੀ ਝੋਲੀ ਪਾਵੀਂ

ਉਸ ਲੈਣਾ ਹੋਰ ਨਾ ਕਾਈ।
ਲੋਕੀ ਕਹਿੰਦੇ ਗੁਆਚ ਗਈ ਏ
ਉਹਦੀ ਕੋਈ ਤੇਰੇ ਵਰਗੀ ਹੀਰ
ਚੱਲ ਮੁਸਕਾ ਦੇਈਏ।

ਅਲਵਿਦਾ-ਅਲਵਿਦਾ
ਦੋਸਤਾ ਮੁਆਫ਼ ਕਰੀਂ
ਅਸੀਂ ਐਵੇਂ ਪਾਏ ਭੁਲੇਖੇ ਤੈਨੂੰ
ਰੋਂਦੇ ਦਿਲ ਹਸਦੇ ਦੱਸੇ
ਝੂਠ ਸੁਣਾਏ ਲੇਖੇ ਤੈਨੂੰ
ਪਰ ਅੱਜ ਦੇ ਦੌਰ ਦੀ ਇਹੀ ਸੱਚਾਈ
ਹਰ ਹਾਸਾ ਝੂਠਾ, ਹਰ ਖ਼ੁਸ਼ੀ ਅਜਨਬੀ
ਹਰ ਰੂਹ ਓਦਰੀ ਤੇ ਕੁਮਲਾਈ
ਵਕਤ ਵਿਹੂਣੇ ਗਲੇ ਸੜੇ ਇਸ ਢਾਂਚੇ ਨੇ
ਸਭ ਨੂੰ ਪਾਈ ਹਾਲ ਦੁਹਾਈ
ਹਸਦੇ ਰਾਜੇ ਅਤੇ ਵਜ਼ੀਰ
ਉਹਦੀ ਗੁਆਚ ਗਈ ਏ ਹੀਰ
ਨਾ ਮੁੜੇ ਨਦੀ ਦਾ ਨੀਰ
ਚੱਲ ਮੁਸਕਾ ਦੇਈਏ।

*

## ਨਜ਼ਮ

ਬੰਦਾ
ਅਲਫ਼ ਨੰਗਾ
ਕਪੜੇ ਪਹਿਨ ਕੇ ਵੀ ਹੋ ਸਕਦੈ।
ਤਨ ਤੋਂ ਕਪੜੇ ਉਤਰਨ ਵਾਂਗ
ਅਲਫ਼ ਨੰਗੇ ਬੰਦੇ ਦੇ ਮਨ ਤੋਂ
ਉਤਰ ਜਾਂਦੇ ਨੇ
ਮਾੜੇ ਖ਼ਾਬ ਤੇ ਖਿਆਲ
ਤੁਹਾਡੀ ਕੀ ਰਾਏ ਹੈ?
ਕੀ ਸਰਮਦ ਵੀ ਕਦੇ
ਸੁਪਨ ਦੋਸ਼ ਪੀੜਤ ਰਿਹਾ ਹੋਵੇਗਾ?

98888-63665

*

## ਗ਼ਜ਼ਲ

(ਰਾਜਦੀਪ ਸਿੰਘ ਤੂਰ)



ਬਣਿਆ ਫਿਰਦੈ ਜਿਹੜਾ ਲੰਬੜਦਾਰ ਪੰਜਾਬੀ ਦਾ।
ਤਾਂ ਮੰਨੀਏ ਜੇ ਬਣ ਜਾਏ ਪਹਿਰੇਦਾਰ ਪੰਜਾਬੀ ਦਾ।

ਬੜੀ ਕਮਾਈ ਕੀਤੀ ਕਈਆਂ ਇਸ ਦੇ ਨਾ ਉੱਤੋਂ,
ਕੋਈ ਨਾ ਬਣਿਆ ਮਨ ਤੋਂ ਸੱਚਾ ਯਾਰ ਪੰਜਾਬੀ ਦਾ।

ਇਸ ਦੇ ਪੁੱਤਰ ਖ਼ੁਦ ਹੀ ਜਦ ਭੁੱਲ ਬੈਠੇ ਨੇ ਇਸਨੂੰ,
ਕੌਣ ਕਰੂਗਾ ਦੱਸੋ ਫਿਰ ਸਤਿਕਾਰ ਪੰਜਾਬੀ ਦਾ।

ਨਾਨਕ, ਬੁੱਲ੍ਹੇ, ਵਾਰਿਸ, ਹਾਸ਼ਿਮ ਜਿਹੜਾ ਰਚਿਆ ਸੀ,
ਕਿਵੇਂ ਭੁੱਲਾਵਾਂ ਦਿਲ 'ਚੋਂ ਉਹ ਸੰਸਾਰ ਪੰਜਾਬੀ ਦਾ।

ਗੁਰਬਾਣੀ ਨੂੰ ਇਕ ਵਾਰੀ ਤੂੰ ਪੜ੍ਹ ਤਾਂ ਮਨ ਲਾ ਕੇ,
ਸਿੱਧਾ ਰੱਬ ਸੰਗ ਜੋੜੇ ਤੈਨੂੰ ਤਾਰ ਪੰਜਾਬੀ ਦਾ।

ਨੂਰਪੁਰੀ, ਸ਼ਿਵ ਵਰਗੇ ਹਨ ਸਭ ਮਾਣ ਪੰਜਾਬੀ ਦੇ,
ਜਿਨ੍ਹਾਂ ਹੋਰ ਵੀ ਭਰਿਆ ਹੈ ਭੰਡਾਰ ਪੰਜਾਬੀ ਦਾ।

ਜਿਸਦੇ ਹਰ ਇਕ ਸਾਹ 'ਚੋਂ ਇਸਦੀ ਹੀ ਖ਼ੁਸ਼ਬੂ ਆਵੇ,
ਓਹੀ ਪੁੱਤ ਕਹਾਉਣ ਦਾ ਹੈ ਹੱਕਦਾਰ ਪੰਜਾਬੀ ਦਾ।

ਹੇ ਰੱਬ ਸੱਚਿਆ ਤੇਰੇ ਅੱਗੇ ਅਰਜ਼ ਗੁਜ਼ਾਰੇ 'ਤੂਰ'।
ਖਿੜ੍ਹਿਆ ਰਹੇ ਹਮੇਸ਼ਾਂ ਹੀ ਗ਼ੁਲਜ਼ਾਰ ਪੰਜਾਬੀ ਦਾ।

*

## ਗ਼ਜ਼ਲ

ਗਮਾਂ ਵਿਚ ਜੇ ਘਿਰੇ ਹੋਵੋ ਤਾਂ ਮਨ ਵਿਚ ਹੌਸਲਾ ਰਖਣਾ।
ਦੁੱਖਾਂ ਤੋਂ ਬਾਅਦ ਸੁਖ ਮਿਲਦੇ ਨੇ ਗੱਲ ਚੇਤੇ ਸਦਾ ਰਖਣਾ।

ਬਹਾਰਾਂ ਨਾਲ ਦਾ ਮੌਸਮ ਤੁਸੀਂ ਜੇ ਮਾਨਣਾ ਚਾਹੋ,
ਫੁੱਲਾਂ ਦੀ ਮਹਿਕ ਵਰਗਾ ਦਿਲ 'ਚ ਇਕ ਸੁਪਨਾ ਸਜਾ ਰਖਣਾ।

ਤਮੰਨੈ ਜੋ ਤੁਹਾਡੇ ਮਨ 'ਚ ਅੱਗੇ ਵਧਣ ਦੀ ਯਾਰੋ,
ਤੁਸੀਂ ਫਿਰ ਹਿੰਮਤਾਂ ਤੇ ਮਿਹਨਤਾਂ ਵਿਚ ਆਸਥਾ ਰਖਣਾ।

ਜੋ ਤਪਦੇ ਹਿਰਦਿਆਂ ਉੱਤੇ ਝੜੀ ਬਣ ਸੌਣ ਦੀ ਬਰਸੇ,
ਤੁਸੀਂ ਮਨ ਆਸਮਾਂ ਉੱਤੇ ਕੋਈ ਐਸੀ ਘਟਾ ਰਖਣਾ।

ਵਫਾ ਦੇ ਨਾਲ ਹੀ ਦਿਲ ਵਿਚ ਮੁਹੱਬਤ ਜ਼ਿੰਦਾ ਰਹਿੰਦੀ ਹੈ,
ਮੁਹੱਬਤ ਵਿਚ ਵਫਾਵਾਂ ਦਾ ਸਦਾ ਹੀ ਸਿਲਸਿਲਾ ਰਖਣਾ।

ਜਿਨ੍ਹਾਂ ਦੀ ਹੋਂਦ ਹੀ ਸਾਡੇ ਮਨਾਂ ਦਾ ਨੇਰ੍ਹ ਧੋ ਸੁੱਟੇ,
ਮਨਾਂ ਵਿਚ ਤਾਰਿਆਂ ਵਰਗਾ ਤੁਸੀਂ ਕੁਝ ਟਿਮਕਦਾ ਰਖਣਾ।

ਬੜਾ ਭੋਲਾ ਏਂ ਹਾਲੀ 'ਤੂਰ' ਤੂੰ ਦੁਨੀਆਂ ਨੂੰ ਕੀ ਸਮਝੇਂ,
ਤੂੰ ਹਾਲੀ ਏਸ ਦੁਨੀਆਂ ਤੋਂ ਜ਼ਰਾ ਤਾਂ ਫਾਸਲਾ ਰਖਣਾ।

*

## ਗ਼ਜ਼ਲ

ਇਛਾਵਾਂ ਮਾਰ ਕੇ ਜੀਣਾ ਭਲਾ ਕੀ ਜ਼ਿੰਦਗੀ ਹੋਈ।
ਮਰਨ ਤੋਂ ਖੌਫ਼ ਖਾ ਕੇ ਬੈਠਣਾ ਤਾਂ ਖ਼ੁਦਕਸ਼ੀ ਹੋਈ।

ਨਿਭਾਉਣੀ ਮੈਂ ਤਾਂ ਚਾਹੁੰਦਾ ਸੀ ਮੁਹੱਬਤ ਆਖਰੀ ਦਮ ਤਕ,
ਤੇਰੀ ਜਦ ਬੇਰੁਖੀ ਹੋਈ ਤਾਂ ਮੇਰੀ ਬੇ ਬਸੀ ਹੋਈ।

ਨਾ ਦਿਲ ਵਿਚ ਪਿਆਰ ਦਾ ਜਜ਼ਬਾ, ਨਾ ਦਿਲ ਵਿਚ ਤਾਂਘ ਮਿਲਣੇ ਦੀ।
ਕਿਵੇਂ ਕਹਿੰਦੇ ਨੇ ਇਹ ਲੋਕੀ, ਬੜੀ ਮਿਲ ਕੇ ਖ਼ੁਸ਼ੀ ਹੋਈ।

ਤੁਸੀਂ ਜੋ ਖ਼ਾਬ ਦੇਖੇ ਸੀ, ਚਿਰਾਂ ਤੋਂ ਦੇਸ਼ ਦੀ ਖ਼ਾਤਿਰ,
ਕਿਤੇ ਆ ਦੇਖ ਸਕਦੇ ਰਾਜਨੀਤੀ ਰੋਲਦੀ ਹੋਈ।

ਉਹੀ ਅਹਿਸਾਸ ਤੇਰਾ ਮਖਮਲੀ ਫਿਰ ਦੇ ਗਈ ਮੈਨੂੰ,
ਮੇਰੇ ਜਦ ਕੋਲ ਦੀ ਲੰਘੀ ਹਵਾ ਅਜ ਰੁਮਕਦੀ ਹੋਈ।

ਜਦੋਂ ਵੀ ਜ਼ਿੰਦਗੀ ਦੀ ਭਾਲ ਵਿਚ ਮੈਂ ਨਿਕਲਿਆ ਘਰ ਤੋਂ,
ਮਿਲੀ ਹੈ ਜ਼ਿੰਦਗੀ ਰਾਹਾਂ ’ਚ ਮੈਨੂੰ ਭਟਕਦੀ ਹੋਈ।

ਪਿਆਸਾ ‘ਤੂਰ’ ਬੈਠਾ ਹੈ ਕਿਵੇਂ ਉਸ ਕੋਲ ਜਾਣਾ ਹੈ,
ਨਦੀ ਇਕ ਲੰਘ ਗਈ ਕੋਲੋਂ ਦੀ ਏਹੀ ਸੋਚਦੀ ਹੋਈ।

*

## ਗ਼ਜ਼ਲ

ਦਿਲ ਵਿਚ ਤੇਰੀ ਯਾਦ ਵਸਾਈ ਬੈਠੇ ਹਾਂ।
ਵਖਰਾ ਇਕ ਜਹਾਨ ਬਣਾਈ ਬੈਠੇ ਹਾਂ।

ਇਸ਼ਕ 'ਚ ਐਨੇ ਖੀਵੇ ਹੋਏ ਫਿਰਦੇ ਹਾਂ।
ਹੁਣ ਤਾਂ ਜਾਨ ਇਮਾਨ ਲੁਟਾਈ ਬੈਠੇ ਹਾਂ।

ਤੇਰੇ ਲਈ ਹੋ ਸਕਦਾ ਕੁਝ ਨਾ ਹੋਵਾਂ ਮੈਂ,
ਤੈਨੂੰ ਆਪਣਾ ਰਬ ਬਣਾਈ ਬੈਠੇ ਹਾਂ।

ਆਵੇਂਗਾ ਤੂੰ ਇਕ ਦਿਨ ਤਾਂ ਮੁੜ ਆਵੇਂਗਾ,
ਮਨ ਵਿਚ ਆਸ ਦਾ ਦੀਪ ਜਗਾਈ ਬੈਠੇ ਹਾਂ।

ਯਾਦ ਤਿਰੀ ਵਿਚ ਐਸੇ ਖੋਏ ਹਾਂ ਸਜਣਾ,
ਹੁਣ ਤਾਂ ਅਪਣਾ ਆਪ ਭੁਲਾਈ ਬੈਠੇ ਹਾਂ।

ਹੁਣ ਜਿੱਤ ਮਿਲੇ ਚਾਹੇ ਹਾਰ ਕੋਈ ਗਮ ਨਹੀਂ,
ਅਪਣਾ ਸਭ ਕੁਝ ਦਾਅ 'ਤੇ ਲਾਈ ਬੈਠੇ ਹਾਂ।

'ਤੂਰ' ਅਸੀਂ ਤਾਂ ਤੇਰੇ ਹੋ ਕੇ ਰਹਿਣਾ ਹੈ,
ਦਿਲ ਵਿਚ ਇਹੋ ਗਲ ਬਿਠਾਈ ਬੈਠੇ ਹਾਂ।

97803-00247

*



## ਅ-ਤ੍ਰਿਪਤ

(ਪ੍ਰਭਜੋਤ ਸੋਹੀ)

ਰਹਿਮਤ 'ਚ ਕਿਥੇ ਦੇਰ ਸੀ
ਮੇਰੇ ਮਨ 'ਚ ਹੀ ਹਨ੍ਹੇਰ ਸੀ
ਮੈਥੋਂ ਨਾਂ ਦੇਖ ਹੋਇਆ
ਆਇਆ ਉਹ ਜਿੰਨੀ ਵੇਰ ਸੀ।

ਸੁਣਿਐ ਕਿ ਉਹ ਹੁਸੀਨ ਸੀ
ਪਰ ਪਰਦਾ ਇਕ ਮਹੀਨ ਸੀ
ਛਲਕਦਾ ਸਾਗਰ ਸੀ ਉਹ
ਇਹ ਰੇਤਲੀ ਜ਼ਮੀਨ ਸੀ।
ਉਸ ਨੂੰ ਬੁਲਾਵਾਂ ਕਿਸ ਤਰ੍ਹਾਂ
ਗੁਣ ਗਾਣ ਗਾਵਾਂ ਕਿਸ ਤਰ੍ਹਾਂ
ਤਿੜਕੀਆਂ ਖਾਹਿਸ਼ਾਂ ਨੂੰ ਲੈ
ਉਹਦੇ ਦਰ ਤੇ ਜਾਵਾਂ ਕਿਸ ਤਰ੍ਹਾਂ।

ਪਾਣੀ 'ਤੇ ਤਰਦਾ ਪੱਤ ਸੀ
ਇੰਨੀ ਕੁ ਮੇਰੀ ਮੱਤ ਸੀ
ਉਹ ਵਹਿ ਗਿਆ ਮੈਂ ਰਹਿ ਗਿਆ
ਉਹਦੀ ਖ਼ਸਮ ਦੇ ਹੱਥ ਨੱਥ ਸੀ।
ਮੈਨੂੰ ਰੋਣ ਦੇ ਜਾਂ ਮੌਨ ਦੇ
ਕਿਸੇ ਪਾਸੇ ਦਾ ਤਾਂ ਹੋਣ ਦੇ
ਵਸਲਾਂ ਦੀ ਬਖ਼ਸ਼ਿਸ਼ ਕਰ ਜ਼ਰਾ
ਜਾਂ ਬਿਰਹਾ ਦੇ ਹੰਝੂ ਚੋਣ ਦੇ।

*

# ਆਦਮੀ

ਮੇਰੇ ਨਾਲ ਨਾਲ ਰਹਿੰਦੈ ਇਕ ਹੋਰ ਆਦਮੀ।
ਕਦੇ ਸਾਧ ਹੁੰਦੈ ਕਦੇ ਹੁੰਦਾ ਚੋਰ ਆਦਮੀ।

ਕਦੇ ਫੁੱਲਾਂ ਵਾਂਗੂੰ ਆਪੇ ਹਾਕ ਮਾਰ ਕੇ ਬੁਲਾਵੇ।
ਕਦੇ ਗੱਲ ਵੀ ਨਾ ਸੁਣੇਂ ਨਿਰ੍ਹਾ ਥੋਰ੍ਹ ਆਦਮੀ।

ਕਦੇ ਨਦੀਆਂ ਦੇ ਵਾਂਗ ਚੁੱਪ ਚਾਪ ਤੁਰੀ ਜਾਵੇ।
ਵਾਂਗ ਸਾਗਰਾਂ ਦੇ ਪਾਵੇ ਕਦੇ ਸ਼ੋਰ ਆਦਮੀ।

ਧਰਤ ਪਿਆਸੀ ਤੱਕ ਮੂੰਹ ਫੇਰ ਲਵੇ ਕਦੇ।
ਕਦੇ ਚੜ੍ਹ-ਚੜ੍ਹ ਆਵੇ ਘਣਘੋਰ ਆਦਮੀ।

ਬੁੱਕਲ ਉਦਾਸੀ ਵਿਚੋਂ ਸਿਰ ਵੀ ਨਾ ਚੁੱਕੇ ਕਦੇ।
ਕਦੇ ਝੂੰਮੇਂ, ਪੈਲਾਂ ਪਾਵੇ, ਬਣੇ ਮੋਰ ਆਦਮੀ।

ਅੜੇ ਥੁੜੇ ਕੰਮ ਆਵੇ ਜਾਨ ਤੱਕ ਵਾਰ ਦੇਵੇ।
ਗੱਲ ਦਿਲ ਨੂੰ ਲਾ ਜੇ ਕੱਢੇ ਖੋਰ ਆਦਮੀ।

ਆਪਣੀ ਹੀ ਚੁੱਪ ਸੰਗ ਲਹਿਜੇ ਪਤਾਲੀਂ ਕਦੇ।
ਕਦੇ ਸਤਹ ਉਤੇ ਆ ਕੇ ਹੋ ਜੇ ਸ਼ੋਰ ਆਦਮੀ।

*

## ਇਕ ਪਲ....ਜ਼ਿੰਦਗੀ

ਦੂਰ ਕਿਤੇ ਗੂੰਜਦੀ
ਬਾਂਸੁਰੀ....
ਫੁੱਲ ਪਤੀ ਦੇ ਸਿਰੇ ਤੇ
ਅਟਕਿਆ ਤ੍ਰੇਲ ਤੁਪਕਾ....
ਗਿੱਧੇ ਵਿਚ ਨੱਚ ਕੇ ਹੱਟੀ
ਮੁਟਿਆਰ ਦੇ
'ਮੱਥੇ ਦਾ ਮੋਤੀ'....
ਅੰਬਰਾਂ 'ਚ
ਘਰ ਮੁੜਦੇ
ਪੰਛੀਆਂ ਦੀ ਡਾਰ....
ਨਿੱਕੀ ਜਿਹੀ ਗੱਲ ਤੇ
ਖਿੜ-ਖਿੜ ਹਸਦਾ
ਮਾਸੂਮ ਬਾਲ....
ਉਦਾਸੀ ਦੇ ਆਲਮ 'ਚ
ਜ਼ਿਹਨ 'ਚ ਕੌਂਬਿਆ
ਖੁਸ਼ਨੁਮਾ ਖਿਆਲ....
ਕਿਵੇਂ
ਕਦੋਂ
ਕਿਥੇ
ਸਕਾਰ ਹੋ ਰਹੀ
ਇਕ ਪਲ....ਜ਼ਿੰਦਗੀ
ਕੀ ਪਤਾ...॥

*

## ਗੀਤ

ਪਲਕਾਂ ਦੀਆਂ ਨੋਕਾਂ ਤੇ ਕੋਈ ਸੁਪਨ ਸਜਾ ਸੱਜਣਾ।
ਤੂੰ ਪਿਆਸੇ ਹੋਠਾਂ ਲਈ ਬਣ ਜਾ ਦਰਿਆ ਸੱਜਣਾ।

ਰੂਹ ਧਰਤੀ ਤੇ ਤੇੜਾਂ ਮਨ ਅੰਬਰੀਂ ਗ਼ਰਦ ਚੜੀ,
ਠੰਢ ਸੀਨੇ ਪੈ ਜਾਵੇ ਐਸੀ ਬਾਤ ਸੁਣਾ ਸੱਜਣਾ,
ਪਲਕਾਂ ਦੀਆਂ ਨੋਕਾਂ ਤੇ....।

ਨਿੱਜ ਲਈ ਜਿਉਣਾਂ ਮਰਨਾ ਨਹੀਂ ਜ਼ਿੰਦਗੀ ਦਾ ਹਾਸਿਲ,
ਡੁਬਦੇ ਲਈ ਬਣ ਤਿਣਕਾ ਰੋਗੀ ਲਈ ਦਵਾ ਸੱਜਣਾ,
ਪਲਕਾਂ ਦੀਆਂ ਨੋਕਾਂ ਤੇ...।

ਨਾ ਮਨ ਵਿਚ ਵੇਗ ਕੋਈ ਨਾ ਨੈਣੀਂ ਹੰਝ ਦਿੱਸੇ,
ਸਾਹਾਂ ਦੀ ਸਰਗਮ ਨੂੰ ਬੇ-ਸੁਰ ਨਾ ਵਜਾ ਸੱਜਣਾਂ,
ਪਲਕਾਂ ਦੀਆਂ ਨੋਕਾਂ ਤੇ...।

ਤੂੰ ਨੂਰ ਤੋਂ ਦੂਰ ਨਹੀਂ ਕਿਉਂ ਦਰ-ਦਰ ਭਟਕ ਰਿਹੈਂ
ਇਸ ਮਨ ਦੀ ਸਰਦਲ ਤੇ ਕਦੇ ਸਿਰ ਤਾਂ ਝੁਕਾ ਸੱਜਣਾਂ।
ਪਲਕਾਂ ਦੀਆਂ ਨੋਕਾਂ ਤੇ...।

98761-34028

*

## ਗ਼ਜ਼ਲ



(ਰਣਜੀਤ ਹਠੂਰ)

ਸਾਂਭੀ ਦੀ ਹੈ ਕਿੱਦਾਂ ਚੀਜ਼ ਆਪਣੀ ਬਣਾਈ ਹੋਈ,
ਮੁੱਲ ਓਸ ਚੀਜ਼ ਨੂੰ ਗਵਾ ਕੇ ਪਤਾ ਲੱਗਦਾ।

ਚਮਕਦੀ ਹਰ ਚੀਜ਼ ਜ਼ਰੂਰੀ ਨਹੀਂ ਸੋਨਾ ਹੋਵੇ,
ਸਾਰਿਆਂ ਨੂੰ ਭੇਤ ਨੇੜੇ ਆ ਕੇ ਪਤਾ ਲੱਗਦਾ।

ਸੰਭਲ-ਸੰਭਲ ਪੈਰ ਧਰਤੀ 'ਤੇ ਰੱਖਣੇ,
ਠੋਕਰਾਂ ਜ਼ਮਾਨੇ ਦੀਆਂ ਖਾ ਕੇ ਪਤਾ ਲੱਗਦਾ।

ਘੁਲੇ ਬਿਨਾਂ ਕੋਈ ਪਹਿਲਵਾਨ ਨਹੀਓਂ ਬਣਦਾ,
ਮੱਲ ਨੂੰ ਅਖਾੜੇ ਵਿਚ ਜਾ ਕੇ ਪਤਾ ਲੱਗਦਾ।

ਮਿਹਨਤ ਦੇ ਬਿਨਾਂ ਕਦੇ ਫ਼ਲ ਨਾ ਨਸੀਬ ਹੁੰਦੇ,
ਮਾਲੀ ਵਾਂਗੂੰ ਮੁੜਕਾ ਵਹਾ ਕੇ ਪਤਾ ਲੱਗਦਾ।

ਸੱਜਣਾ ਦੇ ਨੈਣਾਂ ਵਿਚ ਨਸ਼ਾ ਕਿੰਨਾ ਪਿਆਰ ਦਾ,
ਇਹ ਤਾਂ ਯਾਰੋ ਅੱਖੀਆਂ ਮਿਲਾ ਕੇ ਪਤਾ ਲੱਗਦਾ।

ਅਣਮੁੱਲੇ ਯਾਰ ਦਾ ਸਹਾਰਾ ਹੁੰਦਾ ਰੱਬ ਜਿਹਾ,
ਵਿਛੜੇ ਉਹ ਰੁੱਸੇ ਜਾਂ ਗਵਾ ਕੇ ਪਤਾ ਲੱਗਦਾ।

ਕੀਹਨੇ-ਕੀਹਨੇ ਲੁੱਟਿਆ ਤੇ ਕੀਹਨੇ ਸਾਨੂੰ ਮਾਣ ਦਿੱਤਾ,
ਰਾਹਾਂ ਇਤਿਹਾਸ ਦੀਆਂ ਗਾਹ ਕੇ ਪਤਾ ਲੱਗਦਾ।

ਰੋੜ੍ਹੀ ਦੀ ਨੀ ਪੂੰਜੀ ਐਵੇਂ ਐਰੇ ਗੈਰੇ ਕੰਮਾਂ ਉੱਤੇ,
ਲੋਕੋ ਹੱਕ ਸੱਚ ਦੀ ਕਮਾ ਕੇ ਪਤਾ ਲੱਗਦਾ।

ਰੱਬ ਦੀਆਂ ਰਹਿਮਤਾਂ ਨੇ ਕਿੰਨੀਆਂ ਨਿਆਰੀਆਂ,
ਸੱਚੇ ਦਿਲੋਂ ਰੱਬ ਨੂੰ ਧਿਆ ਕੇ ਪਤਾ ਲੱਗਦਾ।

ਕਲਾਕਾਰ ਬੈਠਾ-ਬੈਠਾ ਬਣਦਾ ਨਹੀਂ ਐਵੇਂ ਕੋਈ,
ਹੱਥਾਂ ਉੱਤੇ ਸਰੋਂ ਨੂੰ ਜਮਾ ਕੇ ਪਤਾ ਲੱਗਦਾ।

ਸੁਰ ਅਤੇ ਤਾਲ ਵਿਚ ਗਾਈਏ ਰਣਜੀਤ ਕਿਵੇਂ
ਸੁਲਝੇ ਸਰਤਿਆਂ 'ਚ ਗਾ ਕੇ ਪਤਾ ਲੱਗਦਾ।

*

## ਗੀਤ

ਪਿਆਰਿਆ ਓ ਪਿਆਰਿਆ
ਰਾਤ ਬਾਕੀ ਹੈ।
ਤੇਰੇ ਮੇਰੇ ਪਿਆਰ ਦੀ
ਬਾਤ ਬਾਕੀ ਹੈ।

ਤਾਰਿਆਂ ਦੀ ਰਾਤ ਵਿਚ ਲਿਸ਼ਕਦਾ ਮਹਿਤਾਬ ਹੈ।
ਵਿਚ ਫਿਜ਼ਾਵਾਂ ਗੂੰਜਦੀ ਪਿਆਰ ਦੀ ਰਬਾਬ ਹੈ।
ਹੁਸਨਾਂ ਲੱਦੇ ਇਸ਼ਕ ਦੀ ਖ਼ੈਰਾਤ ਬਾਕੀ ਹੈ...
ਪਿਆਰਿਆ ਓ ਪਿਆਰਿਆ
ਰਾਤ ਬਾਕੀ ਹੈ।

ਦਿਲ ਮੇਰੇ ਨੂੰ ਹੋਸ਼ ਨਾਹੀਂ, ਇਹ ਕੀ ਮੈਨੂੰ ਹੋ ਗਿਆ
ਤੱਕਦਾ ਰਿਹਾ ਤੇਰੀ ਨਜ਼ਰ, ਨੈਣਾਂ ਦੇ ਵਿਚ ਖੋ ਗਿਆ
ਜ਼ੁਲਫਾਂ ਦੀ ਬੱਦਲੀ ਛਾ ਗਈ, ਬਰਸਾਤ ਬਾਕੀ ਹੈ...
ਪਿਆਰਿਆ ਓ ਪਿਆਰਿਆ
ਰਾਤ ਬਾਕੀ ਹੈ।

ਹਿਜ਼ਰਾਂ ਦੀ ਰੁੱਤ ਬੀਤ ਗਈ, ਵਸਲਾਂ ਦਾ ਰੰਗ ਮਹਿਕਦਾ।
ਥਰਥਰਾਂਦੇ ਹੋਂਠ ਨੇ ਇਹ, ਜੋਬਨ ਦਾ ਫੁੱਲ ਟਹਿਕਦਾ।
ਤੇਰੇ ਲਈ ਰਣਜੀਤ ਇਹ ਸੌਗਾਤ ਬਾਕੀ ਹੈ...
ਪਿਆਰਿਆ ਓ ਪਿਆਰਿਆ
ਰਾਤ ਬਾਕੀ ਹੈ...
ਤੇਰੇ ਮੇਰੇ ਪਿਆਰ ਦੀ
ਬਾਤ ਬਾਕੀ ਹੈ।

*

# ਗੀਤ

ਕਿਧਰ ਨੂੰ ਜਾਣਾ ਸੀ ਤੇ ਕਿਹੜੇ ਰਾਹੇ ਤੁਰ ਪਏ,
ਮੰਨਦਾ ਸੀ ਲੋਹਾ ਸੰਸਾਰ...
ਨਸ਼ਿਆਂ ਨੇ ਦੇਣਾ ਥੋਨੂੰ ਮਾਰ ਓ ਪੰਜਾਬੀਓ
ਨਸ਼ਿਆਂ ਨੇ ਦੇਣਾ ਥੋਨੂੰ ਮਾਰ...

ਸ਼ੇਰਾਂ ਜਿਹੇ ਜੁਸੇ ਅੱਜ ਲਿਸੇ ਜਿਹੇ ਹੋ ਗਏ।
ਲਾਲ-ਲਾਲ ਚਿਹਰੇ ਕਾਹਤੋਂ ਫਿੱਕੇ ਜਿਹੇ ਹੋ ਗਏ।
ਕੌਣ ਬਹਿਕੇ ਸੁਣੇ ਅੱਜ ਢਾਡੀਆਂ ਦੇ ਕੋਲੋਂ ਯਾਰੋ
ਯੋਧੇ ਅਣਖੀਲਿਆਂ ਦੀ ਵਾਰ....
ਨਸ਼ਿਆਂ ਨੇ ਦੇਣਾ ਥੋਨੂੰ ਮਾਰ ਓ ਪੰਜਾਬੀਓ
ਨਸ਼ਿਆਂ ਨੇ ਦੇਣਾ ਥੋਨੂੰ ਮਾਰ....

ਟੀ.ਵੀ ਚੈਨਲ ਵੀ ਸਾਡੀ ਮੱਤ ਜਾਂਦੇ ਮਾਰੀ ਆ।
ਸ਼ਰੇਆਮ ਨਸ਼ਿਆਂ ਨੂੰ ਜਾਂਦੇ ਪ੍ਰਚਾਰੀ ਆ।
ਦੇਸ਼ ਦੇ ਗਦਾਰ ਜਿਹੜੇ ਲੀਡਰ ਪਿਆਉਂਦੇ ਦਾਰੂ,
ਕਿਸੇ ਮੁੱਲ ਬਣੇ ਸਰਕਾਰ....
ਨਸ਼ਿਆਂ ਨੇ ਦੇਣਾ ਥੋਨੂੰ ਮਾਰ ਓ ਪੰਜਾਬੀਓ
ਨਸ਼ਿਆਂ ਨੇ ਦੇਣਾ ਥੋਨੂੰ ਮਾਰ....

ਸਿਰਾਂ ਵੱਟੇ ਲਈਆਂ ਸੀ ਜੋ ਤੁਸੀਂ ਸਰਦਾਰੀਆਂ।
ਰਣਜੀਤ ਨਸ਼ਿਆਂ ਨੇ ਰੋਲ਼ਤੀਆਂ ਸਾਰੀਆਂ।
ਕਿੰਨਾ ਸੋਹਣਾ ਵਿਰਸਾ ਹੈ ਦਿੱਤਾ ਸਾਡੇ ਰਹਿਬਰਾਂ ਨੇ,
ਸੋਚਿਆ ਨਾ ਕਦੇ ਇਕ ਵਾਰ....
ਨਸ਼ਿਆਂ ਨੇ ਦੇਣਾ ਥੋਨੂੰ ਮਾਰ ਓ ਪੰਜਾਬੀਓ
ਨਸ਼ਿਆਂ ਨੇ ਦੇਣਾ ਥੋਨੂੰ ਮਾਰ....

*

✪

ਹਰ ਵਾਰੀ ਜਿੱਤ ਨਹੀਂ ਮਿਲਦੀ
ਹਾਰਾਂ ਵੀ ਅਪਣਾਈ ਚੱਲ
ਹਾਰ ਮਿਲ ਜਾਵੇ ਹੋਰ ਗੱਲ ਹੈ,
ਦਿਲ ਹਾਰ ਬਹਿਣਾ ਹੋਰ ਗੱਲ ਹੈ।
ਚੁੰਮੇਗੀ ਜਿੱਤ ਵੀ ਪੈਰਾਂ ਨੂੰ
ਠੋਕਰਾਂ ਖਾਈ ਚੱਲ, ਕਦਮ ਵਧਾਈ ਚੱਲ
ਹਰ ਵਾਰੀ ਜਿੱਤ ਨਹੀਂ ਮਿਲਦੀ
ਹਾਰਾਂ ਵੀ ਅਪਣਾਈ ਚੱਲ

ਕਈ ਲੋਕ ਜਿੱਤ ਕੇ ਵੀ ਹਾਰ ਬਹਿੰਦੇ ਨੇ।
ਕਈ ਬੰਦੇ ਹਾਰ ਕੇ ਵੀ ਜੇਤੂ ਰਹਿੰਦੇ ਨੇ
ਜਸ਼ਨ ਮਨਾਉਂਦਾ ਏਂ ਜਿੱਤ ਦੇ,
ਹਾਰ ਵੀ ਝੋਲੀ ਪਾਈ ਚੱਲ
ਹਰ ਵਾਰੀ ਜਿੱਤ ਨਹੀਂ ਮਿਲਦੀ
ਹਾਰਾਂ ਵੀ ਅਪਣਾਈ ਚੱਲ

ਬਹੁਤੀਆਂ ਜਿੱਤਾਂ ਨਾਲ ਆਕੜ ਹੈ ਆਉਂਦੀ,
ਹਾਰ ਮਿਲੇ ਤੋਂ ਔਕਤ ਯਾਦ ਆਉਂਦੀ।
ਜਦੋਂ ਵੀ ਮਿਲ ਜਾਵੇ ਕੋਈ ਹਾਰ
ਉਦੋਂ ਫਿਰ ਅੰਦਰ ਝਾਤੀ ਮਾਰ
ਜਿੰਦਗੀ ਰਾਸ ਆਵੇਗੀ
ਹੌਸਲਾ ਬਣਾਈ ਚੱਲ
ਹਰ ਵਾਰੀ ਜਿੱਤ ਨਹੀਂ ਮਿਲਦੀ
ਹਾਰਾਂ ਵੀ ਅਪਣਾਈ ਚੱਲ।

98148-24261

*

## ਗ਼ਜ਼ਲ

(ਪ੍ਰਤਾਪ ਸਿੰਘ)



ਇਹ ਧਰਤੀ ਕਾਇਮ ਹੈ ਜਦ ਤੱਕ ਅਤੇ ਅਸਮਾਨ ਬਾਕੀ ਏ।
ਉਦੋਂ ਤੱਕ ਹਿੰਦ ਤੇ ਦਸਮੇਸ਼ ਦਾ ਅਹਿਸਾਨ ਬਾਕੀ ਏ।

ਧੜਾਂ ਤੋਂ ਲੱਥ ਗਏ ਸਿਰ ਵੀ ਝੁਕੇ ਨਾ ਜ਼ੁਲਮ ਦੇ ਅੱਗੇ,
ਕਿਆਮਤ ਤੱਕ ਬਣੀ ਰਹਿਣੀ ਉਨ੍ਹਾਂ ਦੀ ਸ਼ਾਨ ਬਾਕੀ ਏ।

ਹਾਲੇ ਦਿੱਲੀ ਦੇ ਖ਼ੂਨੀ ਚੌਂਕ ਤੱਕਿਆ ਵਾਵਰੋਲਾ ਏ,
ਹਾਲੇ ਖੰਡੇ ਦੀ ਧਾਰੋਂ ਉੱਠਿਆ ਤੂਫਾਨ ਬਾਕੀ ਏ।

ਸਵਾ ਲੱਖ ਨਾਲ ਇਕ ਦੇ ਲੜਨ ਦੀ ਗਾਥਾ ਸੁਣਾਏਗਾ,
ਜਦੋਂ ਤੱਕ ਧਰਤ ਤੇ ਚਮਕੌਰ ਦਾ ਮੈਦਾਨ ਬਾਕੀ ਏ।

ਇਹ ਸੌ ਵਾਰ ਸਿੰਘ ਨੂੰ ਪੁੱਛਿਆ ਹੈਰਾਨ ਅੱਖਾਂ ਨੇ,
ਕਿਵੇਂ ਆਰੇ ਦੇ ਥੱਲੇ ਵੀ ਤੇਰੀ ਮੁਸਕਾਨ ਬਾਕੀ ਏ।

ਜੇ ਮੋਏ ਚਾਰ ਕੀ ਹੋਇਆ ਕਿਹਾ ਸਰਬੰਸਦਾਨੀ ਨੇ,
ਜਦੋਂ ਤੱਕ ਖਾਲਸਾ ਜੱਗ ਤੇ ਮੇਰੀ ਸੰਤਾਨ ਬਾਕੀ ਏ।

*

## ਗ਼ਜ਼ਲ

ਫ਼ਿਕਰ ਕਰ ਜ਼ਾਲਮਾ! ਰਹਿੰਦਾ ਨਾ ਬਹੁਤਾ ਫਾਸਲਾ ਕੋਈ।
ਤੇਰੇ ਮਹਿਲਾਂ ਨੂੰ ਵਧਦਾ ਆ ਰਿਹਾ ਏ ਕਾਫ਼ਲਾ ਕੋਈ।

ਚੀਕਾਂ, ਸਿਸਕੀਆਂ, ਹਾਉਕੇ ਜਿਵੇਂ ਤੂਫ਼ਾਨ ਬਣ ਗਏ ਨੇ
ਵਧਦੇ ਆ ਰਹੇ ਕਦਮਾਂ ਦਾ ਜੀਕਣ ਜ਼ਲਜ਼ਲਾ ਕੋਈ।

ਜਿਨ੍ਹਾਂ ਲੋਕਾਂ ਨੇ ਹਿੱਕ ਤੇ ਸਹਿ ਲਿਆ ਲੋਹਾ ਹਕੂਮਤ ਦਾ
ਉਨ੍ਹਾਂ ਹੁਣ ਰਹਿਣ ਨਹੀਂ ਦੇਣਾ ਏ ਸੋਨੇ ਦਾ ਕਿਲ੍ਹਾ ਕੋਈ।

ਕਿਸੇ ਰੁੱਖ ਹੁਣ ਨਹੀਂ ਬਣਨਾ ਕਦੇ ਦਸਤਾ ਕੁਹਾੜੀ ਦਾ
ਕੁੱਲੀਆਂ ਢਾਹ ਨਹੀਂ ਉਸਰੇਗਾ ਹੁਣ ਤੋਂ ਬੰਗਲਾ ਕੋਈ।

ਜ਼ੁਲਮ ਦੀ ਅੱਗ ਨੂੰ ਠਾਰਨਗੇ ਯੋਧੇ ਖ਼ੂਨ ਸੰਗ ਆਪਣੇ,
ਸਮਾਂ ਦੁਹਰਾਏਗਾ 'ਚਮਕੌਰ' ਜਾਂ ਫਿਰ 'ਕਰਬਲਾ' ਕੋਈ।

ਕਹੋ 'ਪ੍ਰਤਾਪ' ਨੂੰ ਕੋਈ ਕਿ ਛੱਡੇ ਰਾਹ ਦੁਚਿੱਤੀ ਦਾ
ਸਮਾਂ ਕੁਝ ਕਰਨ ਦਾ ਆਇਐ ਲਵੇ ਹੁਣ ਫ਼ੈਸਲਾ ਕੋਈ।

*

## ਗ਼ਜ਼ਲ

ਮੇਰੀ ਪਰਵਾਜ਼ ਬਦਲੇ ਇਹ ਸਜ਼ਾਵਾਂ ਮਿਲਦੀਆਂ ਰਹੀਆਂ
ਸਦਾ ਤੂਫਾਨ ਬਣ-ਬਣ ਕੇ ਹਵਾਵਾਂ ਮਿਲਦੀਆਂ ਰਹੀਆਂ

ਕਿਸੇ ਚੰਦਰੀ ਬਲਾ ਨੇ ਕੀਲੀਆਂ ਜਿਉਂ ਰੰਗਲੀਆਂ ਰੁੱਤਾਂ
ਬਹਾਰਾਂ ਪਰਤ ਨਾ ਮੁੜੀਆਂ, ਖ਼ਿਜ਼ਾਵਾਂ ਮਿਲਦੀਆਂ ਰਹੀਆਂ

ਹਿਜ਼ਰ ਦੀ ਧੁੱਪ ਵਿਚ ਸੁੱਕਦਾ ਕਿਵੇਂ ਬੂਟਾ ਮੁਹੱਬਤ ਦਾ
ਵਸਲ ਦੀ ਆਸ ਜਿਹੀਆਂ ਜਦ ਘਟਾਵਾਂ ਮਿਲਦੀਆਂ ਰਹੀਆਂ

ਕਦੇ ਪਰਬਤ, ਕਦੇ ਜੰਗਲ, ਬੜੇ ਆਏ ਸਫ਼ਰ ਅੰਦਰ
ਇਹ ਹਿੰਮਤ ਦੇ ਸਦਕੇ ਹੀ ਨੇ ਰਾਹਵਾਂ ਮਿਲਦੀਆਂ ਰਹੀਆਂ।

ਮੈਂ ਮਨ 'ਚੋਂ ਜ਼ਹਿਰ ਕੱਢ ਸੁੱਟਿਆ ਜਦੋਂ ਆਪਣੇ-ਪਰਾਏ ਦਾ
ਹੱਥਾਂ ਨੂੰ ਹੱਥ ਤੇ ਬਾਹਵਾਂ ਨੂੰ ਬਾਹਵਾਂ ਮਿਲਦੀਆਂ ਰਹੀਆਂ

ਨਾ ਪੁੱਛ 'ਪ੍ਰਤਾਪ' ਕਿੱਦਾਂ ਸਹਿ ਗਿਆ ਠੋਕਰ ਜ਼ਮਾਨੇ ਦੀ
ਰਿਹਾ ਕੁਝ ਸਾਥ ਯਾਰਾਂ ਦਾ, ਦੁਆਵਾਂ ਮਿਲਦੀਆਂ ਰਹੀਆਂ।

*

## ਗ਼ਜ਼ਲ

ਕੂਕ ਪਈ ਮਿੱਟੀ ਵੀ ਮੇਰੀ ਕਬਰ ਦੀ
ਹੋ ਗਈ ਗੂੰਗੀ ਜ਼ੁਬਾਂ ਜਦ ਨਗਰ ਦੀ

ਕਿਸ ਤਰ੍ਹਾਂ ਪਰਬਤ ਦੇ ਵਰਗੀ ਜ਼ਿੰਦਗੀ
ਜਿਉਂਦੇ ਜੀਅ ਖਾਮੋਸ਼ ਰਹਿ ਕੇ ਗੁਜ਼ਰਦੀ

ਸਹਿਮ ਕੇ ਸੂਰਜ ਵੀ ਕਾਲਾ ਪੈ ਗਿਆ
ਜਦ ਸੁਣੀ ਸੀ ਬਾਤ ਸਾਡੇ ਹਸ਼ਰ ਦੀ

ਸੋਚ ਲਈਂ, ਐਵੇਂ ਨਾ ਪਿੱਛੇ ਹੋ ਤੁਰੀਂ
ਮੌਤ ਹੈ ਮੰਜ਼ਲ ਅਸਾਡੀ ਡਗਰ ਦੀ

ਸੋਨ ਪਿੰਜਰੇ ਦੀ ਗੁਲਾਮੀ ਤੋਂ ਭਲੀ
ਇਕ ਹੀ ਪਰਵਾਜ਼ ਅੰਤਮ ਸਫ਼ਰ ਦੀ

ਲਗਦੇ ਇੱਟਾਂ ਦੀ ਜਗ੍ਹਾ ਤੇ ਸੀਸ ਨੇ
ਨੀਂਹ ਕਿਸੇ ਵੀ ਕੌਮ ਦੀ ਤਦ ਉਸਰਦੀ।

94639-91790

*

## ਲੇਖਕਾਂ ਬਾਰੇ ਜਾਣਕਾਰੀ

| ਲ. ਨੰ | ਨਾਮ | ਜਨਮ ਮਿਤੀ | ਫੋਨ ਨੰ: |
|---|---|---|---|
| 1. | ਪ੍ਰਿੰ: ਤਖ਼ਤ ਸਿੰਘ | 1914-1992 | -------- |
| 2. | ਸ਼ਾਕਿਰ ਪੁਰਸ਼ਾਰਥੀ | 1929-1993 | -------- |
| 3. | ਹਰਭਜਨ ਸਿੰਘ ਤੀਰ | 14-9-1933 | -------- |
| 4. | ਕੇਸਰ ਸਿੰਘ ਨੀਰ | 19-05-1935 | (403) 293-9039 |
| 5. | ਈਸ਼ਰ ਸਿੰਘ ਮੌਜ਼ੀ | 13-05-1936 | 94638-43045 |
| 6. | ਦਰਸ਼ਨ ਸਿੰਘ ਉਬਰਾਏ | 14-04-1938 | 94170-86267 |
| 7. | ਹਰਚੰਦ ਸਿੰਘ ਗਿੱਲ | 15-05-1938 | 97815-76657 |
| 8. | ਪ੍ਰਵਾਨਾ ਪੁੜੈਣ | 01-06-1938 | 98556-00398 |
| 9. | ਬਲਵੰਤ ਸਿੰਘ ਮੁਸਾਫ਼ਿਰ | 03-02-1941 | 98149-17679 |
| 10. | ਹਰਬੰਸ ਸਿੰਘ ਅਖਾੜਾ | 20-07-1941 | 98555-15937 |
| 11. | ਅਵਤਾਰ ਸਿੰਘ ਲੈਕਚਰਾਰ | 15-09-1941 | 94179-88078 |
| 12. | ਸੁਰਜੀਤ ਸਿੰਘ ਕਾਉਂਕੇ | 28-08-1942 | 94179-15615 |
| 13. | ਹਰਕੋਮਲ ਬਰਿਆਰ | 08-03-1943 | 94637-44580 |
| 14. | ਗੁਰਦੇਵ ਸਿੰਘ ਹੰਸਰਾ | 16-09-1945 | 98159-16359 |
| 15. | ਅਜੀਤ ਪਿਆਸਾ | 26-12-1946 | 94177-87238 |
| 16. | ਰਵਿੰਦਰ ਅਨਾੜੀ | 03-03-1948 | 01624-226743 |
| 17. | ਗੁਰਚਰਨ ਸਿੰਘ ਹੇਹਰ | 05-05-1950 | 94636-70704 |
| 18. | ਡਾ. ਸੁਖਦੇਵ ਸਿੰਘ ਰੂੰਮੀਂ | 04-10-1954 | 98149-32700 |
| 19. | ਪੂਰਨ ਸਿੰਘ ਕਾਉਂਕੇ | 27-06-1956 | 98157-34540 |
| 20. | ਗੁਰਜੀਤ ਸਿੰਘ ਸਹੋਤਾ | 18-02-1957 | 81462-51120 |
| 21. | ਜਗਜੀਤ ਸਿੰਘ ਜੀਤ | 10-07-1964 | 98888-63665 |
| 22. | ਰਾਜਦੀਪ ਸਿੰਘ ਤੂਰ | 22-02-1969 | 97803-00247 |
| 23. | ਪ੍ਰਭਜੋਤ ਸਿੰਘ ਸੋਹੀ | 27-08-1969 | 98761-34028 |
| 24. | ਰਣਜੀਤ ਸਿੰਘ ਹਠੂਰ | 18-07-1974 | 98148-24261 |
| 25. | ਪ੍ਰਤਾਪ ਸਿੰਘ ਗਿੱਲ | 14-05-1980 | 94639-91790 |